tuseen vadhi-aa khiḍaaree ho.

ਉਹ ਈਮਾਨਦਾਰ ਨਹੀਂ ਸੀ। He was not honest.

uh eemaandaar naheen see.

ਉਹ ਜਮਾਤ ਵਿਚ ਸਨ। They were in the class-room.

oh jamaat vich san.

ਕਿ ਇਹ ਉਸ ਦੀ ਪਗੜੀ ਸੀ? Was this his turban?

kee ih us dee pagṛee see?

ਤੁਸੀਂ ਘਰ ਨਹੀਂ ਸੀ। You were not at home.

tuseen ghar naheen see.

* * * *

Lesson 58 ਪਾਠ 58

TO HAVE

ਰੱਖਣਾ *Rakkhaṇaa*

ਮੇਰੇ ਪਾਸ ਰੁਮਾਲ ਨਹੀਂ ਹੈ। **I have no handkerchief.**

mere paas rumaal naheen hai.

ਸਾਡੇ ਕੋਲ ਚਾਰ ਬੰਦੂਕਾਂ ਹਨ। **We have four guns.**

saaḍe kol chaar bandookaan han.

ਕੀ ਤੁਹਾਡੀ ਜੇਬ ਵਿਚ ਦਸ ਰੁਪਏ ਦਾ ਨੋਟ ਹੈ?

Have you a ten rupee note is your pocket?

kee tuhaaḍee jeb vich das rupai daa not hai?

ਤੇਰੇ ਪਾਸ ਇਕੋ ਪੈਨਸਿਲ ਹੈ। **You have only one pencil.**

tere paas ikko pansil hai.

ਉਸ ਨੂੰ ਬੁਖਾਰ ਹੈ। **He has a fever.**

us noon bukhaar hai.

ਕਮਲੇਸ਼ ਇਕ ਗੁੱਡੀ ਰਖਦੀ ਸੀ? **Kamlesh had a doll?**

kamlesh ikk guddee rakkhdee see?

ਓਹਨਾਂ ਕੋਲ ਕਿਤਾਬਾਂ ਨਹੀਂ ਸਨ। **They had no books.**

ohnan kol kitahaan naheen san.

ਕੀ ਓਹ ਪਾਲਤੂ ਕੁੱਤਾ ਰਖਦੀ ਸੀ? **Had she a pet god?**

kee oh paaltoo kutta rakhdee see?

ਤੁਸੀਂ ਮੋਟਰ ਸਾਈਕਲ ਨਹੀਂ ਰਖਦੇ ਸਉ? **You had no motor cycle?**

tuseen motor sa-eekal naheen rakhde sau?

* * * *

Lesson 59 ਪਾਠ 59

PRESENT TENSE

ਵਰਤਮਾਨ ਕਾਲ *Varatmaan Kaal*

ਮੈਂ ਜਾਂਦਾ ਹਾਂ। I go.

main jaandaa han.

ਅਸੀਂ ਤਰਦੇ ਹਾਂ। We swim.

aseen tarde han.

ਉਹ ਗਾਣਾ ਗਾਉਂਦੀ ਹੈ। She sings a song.

oh gaaṇaa ga-ondee hai.

ਤੁਸੀਂ ਪੜ੍ਹਦੇ ਨਹੀਂ ਹੋ? You do not read?

tuseen paṛhde naheen ho?

ਉਹ ਲਿਖ ਰਹੇ ਹਨ। They are writing.

oh likh rahe han.

ਉਹ ਨੱਚ ਨਹੀਂ ਰਿਹਾ ਹੈ। He is not dancing.

oh nachch naheen rihaa hai.

ਕੀ ਤੁਸੀਂ ਆਪਣਾ ਪਾਠ ਯਾਦ ਕਰ ਰਹੇ ਹੋ? Are you learning your lesson?

kee tuseen apṇaa paaṭh yaad kar rahe ho?

ਉਹ ਖਾਣਾ ਪਕਾ ਚੁੱਕੀ ਹੈ। She has cooked the food.

oh khaaṇaa pakaa chukkee hai.

ਮੋਹਨ ਨੇ ਮੈਨੂੰ ਕਦੀਂ ਨਿਰਾਸ ਨਹੀਂ ਕੀਤਾ।

Mohan has never disappointed me.

mohan ne mainoon kadeen niraas naheen keeta.

ਮੈਂ ਸ਼ਰਾਬ ਪੀਣੀ ਛੱਡ ਦਿੱਤੀ ਹੈ। I have given up drinking.

main sharaab peeṇee chhaḍḍ dittee hai.

ਅਸੀਂ ਸਵੇਰ ਦੇ ਦਸ ਵਜੇ ਤੋਂ ਤੁਹਾਡੀ ਉਡੀਕ ਕਰ ਰਹੇ ਹਾਂ।

We have been waiting for you since 10 A.M.

aseen saver de das vaje ton tuhaaḍee uḍeek kar rahe han.

ਕੀ ਤੁਸੀਂ ਪਿਛਲੇ ਮੰਗਲਵਾਰ ਤੋਂ ਸਫਰ ਕਰ ਰਹੇ ਹੋ?

Have you been travelling since last Tuesday?

kee tuseen pichhale mangalvaar ton safar kar rahe ho?

ਸੀਮਾ ਚਾਰ ਘੰਟਿਆਂ ਤੋਂ ਰੋ ਰਹੀ ਹੈ।

Seema has been weeping for four hours.

seema chaar ghanṭi-aan ton ro rahee hai.

****

Lesson 60 ਪਾਠ 60

PAST TENSE

ਭੂਤ ਕਾਲ *Bhoot Kaal*

ਮੈਂ ਗਿਆ। main gi-aa. I went.

ਉਹ ਆਈ। oh aa-ee. She came.

ਉਸ ਨੂੰ ਤੁਹਾਡੀ ਚਿੱਠੀ ਮਿਲੀ। He received your letter.
us noon tuhaḍee chiṭṭhee milee.

ਓਹਨਾ ਨਾਸ਼ਤਾ ਨਹੀਂ ਖਾਧਾ। They did not take breakfast.
ohnaa nashtaa naheen khaadhaa.

ਦੋਧੀ ਗਾਂ ਚੋ ਰਿਹਾ ਸੀ। The milkman was milking the cow.
dodhee gaan cho rihaa see.

ਕਿਸਾਨ ਖੇਤ ਵਿਚ ਹਲ ਨਹੀਂ ਵਾਹ ਰਿਹਾ ਸੀ।
The farmer was not ploughing the field.
kisaan khet vich hal naheen vaah rihaa see.

ਕੀ ਤੂੰ ਸਵੈਟਰ ਬੁਣ ਰਹੀ ਸੀ? Were you knitting a sweater?
kee toon swaitar buṇ rahee see?

ਅਸਾਂ ਸਵਾਲ ਕੱਢ ਲਏ ਸਨ। We had done the sums.
asaan svaal kaḍḍh la-e san.

ਕੀ ਉਹ ਇਮਤਿਹਾਨ ਦੇ ਚੁੱਕੀਆਂ ਸਨ? Had they taken the examination?
kee uh imtihaan de chukki-aan san?

ਮੈਂ ਚਹੁੰ ਸਾਲਾਂ ਤੋਂ ਪਟਿਆਲੇ ਰਹਿ ਰਿਹਾ ਸਾਂ।
I had been living at Patiala for four years.
main chaunh saalaan ton paṭi-aale raih rihaa saan.

ਮੀਂਹ ਸਵੇਰ ਤੋਂ ਨਹੀਂ ਪੈ ਰਿਹਾ ਸੀ। It had not been raining since morning.
meehn sver ton naheen pai rihaa see.

Lesson 61 ਪਾਠ 61

FUTURE TENSE

ਭਵਿੱਖਤ ਕਾਲ *Bhavikkhat Kaal*

ਮੈਂ ਜਾਵਾਂਗਾ। I shall go.

main jaavaangaa.

ਅਸੀਂ ਖਾਵਾਂਗੇ। We shall eat.

aseen khaavaange.

ਤੁਸੀਂ ਭਲਕੇ ਨਹੀਂ ਨੱਚੋਗੇ। You will not dance tomorrow.

tuseen bhalke naheen nachchoge.

ਉਹ ਤੁਹਾਡੀ ਉਡੀਕ ਕਰ ਰਹੀ ਹੋਵੇਗੀ। She will be waiting for you.

uh tuhaaḍee uḍeek kar rahee hovegee.

ਕੀ ਨਲਕਾ ਚਲ ਰਿਹਾ ਹੋਵੇਗਾ? Will the tap be running?

kee nalkaa chal rihaa hovegaa?

ਓਹਨਾਂ ਨਹਾ ਲਿਆ ਹੋਵੇਗਾ। They will have taken bath.

ohnaan nahaa li-aa hovegaa.

ਕੀ ਕਿਸਾਨ ਫਸਲਾਂ ਵੱਢ ਚੁੱਕੇ ਹੋਣਗੇ?

Will the farmers have reaped the crops?

kee kisaan faslaan vaḍḍh chukke hoṇge?

ਮੁੰਡੇ ਦੋ ਘੰਟਿਆਂ ਤੋਂ ਰੌਲਾ ਨਹੀਂ ਪਾ ਰਹੇ ਹੋਣਗੇ।

The boys will not have been making a noise for two hours.

munde do ghanti-aan ton raulaa naheen paa rahe hoṇge.

* * * *

Lesson 62 ਪਾਠ 62

IMPERATIVE SENTENCES

ਹੁਕਮੀਆਂ/ਸੁਝਾਉ/ਸਮਝਾਉ/ਨਸੀਹਤੀ ਵਾਕ

hukmee-aan/sujhaa-oo/samjhaa-oo/naseehatee vaak.

ਦਰਵਾਜ਼ਾ ਖੋਲ੍ਹੋ। **darvaazaa khohlo.**	**Open the door.**
ਤਸਵੀਰ ਵੱਲ ਵੇਖ। **tasveer vall vekh.**	**Look at the picture.**
ਕਦੀਂ ਝੂਠ ਨਾ ਬੋਲੋ। **kadeen jhooṭh na bolo.**	**Never tell a lie.**
ਮੋਮਬੱਤੀ ਫੂਕ ਮਾਰ ਕੇ ਬੁਝਾ ਦੇ। **mombattee phook maar ke bhujhaa de.**	**Blow out the candle.**
ਆ ਸੈਰ ਕਰਨ ਚੱਲੀਏ। **aa sair karn challee-e.**	**Let us go out for a walk.**
ਚੱਲ ਧੁੱਪੇ ਬੈਠੀਏ। **chall dhuppe baiṭhee-e.**	**Let us sit in the sun.**
ਉਸ ਨੂੰ ਅੰਦਰ ਆਉਣ ਦਿਓ। **us noon andar aa-oṇ de-o.**	**Let him come in.**
ਫਰਸ਼ 'ਤੇ ਨਾ ਥੁੱਕ। **farsh te na thukk.**	**Don't spit on the floor.**
ਲੋਦਾ ਲਗਵਾ ਲਓ। **lodaa lagvaa la-o.**	**Get yourself vaccinated.**

Lesson 63 ਪਾਠ 63

EXCLAMATORY/OPTATIVE SENTENCES

ਵਿਸਮਕ/ਇੱਛਾਰਥਕ ਵਾਕ Vismak/Ichchharrthak Vaak.

ਆਹਾ! ਅਸੀਂ ਮੈਚ ਜਿੱਤ ਲਿਆ ਹੈ। **Hurrah! We have won the match.**

aahaa! aseen maich jitt li-aa hai.

ਅਫ਼ਸੋਸ! ਮੈਂ ਬਰਬਾਦ ਹੋ ਗਿਆ। **Alas! I have been ruined.**

afsos! main barbaad ho gi-aa.

ਕਿੰਨੀ ਸੁਹਾਵਣੀ ਰੁੱਤ ਹੈ! **What a pleasant weather!**

kinnee suhaavaṇee rutt hai!

ਜਿਉਂਦੇ ਰਹੋ! **May you live long!**

jee-oonde raho!

ਰਬ ਤੈਨੂੰ ਪੁੱਤਰ ਦੇਵੇ! **May God bless you with a son!**

rab tainoon puttar deve!

ਕਾਸ਼! ਮੈਂ ਪ੍ਰਧਾਨ ਮੰਤਰੀ ਹੁੰਦਾ। **Would I were a Prime Minister.**

kaash! main pardhaan mantree hundaa.

ਸ਼ਾਵਾ! ਬਹੁਤ ਸੋਹਣਾ ਕੀਤਾ। **Bravo! Well done.**

shaavaa! bahut sohṇaa keetaa.

ਵਾਹਿਗੁਰੂ ਵਿਛੜੀ ਆਤਮਾ ਨੂੰ ਸ਼ਾਂਤੀ ਬਖਸ਼ੇ!

May God grant peace to the departed soul!

vaahiguru vichhaṛee aatmaa noon shaantee bakhshe!

* * * *

Lesson 64 ਪਾਠ 64

INTERROGATIVE SENTENCES

ਪ੍ਰਸ਼ਨ ਵਾਚਕ ਵਾਕ *Prashan Vaachak Vaak*

ਤੁਸੀਂ ਕੌਣ ਹੋ? **Who are you?**

tuseen kauṇ ho?

ਉਸ ਨੇ ਕਿਸ ਨੂੰ ਮਿਲਣਾ ਹੈ? **Whom does he want to see?**

us ne kis noon milṇaa hai?

ਇਹ ਕਿਤਾਬ ਕਿਸ ਦੀ ਹੈ? **Whose book is this?**

ih kitaab kis dee hai?

ਤੁਸੀਂ ਕੀ ਚਾਹੁੰਦੇ ਹੋ? **What do you want?**

tuseen kee chaahunde ho?

ਉਹ ਕਿਹੜਾ ਫਲ ਪਸੰਦ ਕਰਦੀ ਹੈ? **Which fruit does she like?**

uh kehṛaa phal pasand kardee hai?

ਮੁੰਡੇ ਕਿਓਂ ਰੌਲਾ ਪਾ ਰਹੇ ਸਨ? **Why were the boys making a noise?**

munde ki-on raula paa rahe san?

ਉਹ ਕਦੋਂ ਵਾਪਸ ਆਏ ਸਨ? **When did they come back?**

oh kadon vaapas aa-e san?

ਚਾਚਾ ਜੀ ਕਿੱਥੇ ਜਾ ਰਹੇ ਸਨ? **Where was uncle going?**

chaachaa jee kitthe jaa rahe san?

ਉਹ ਕਿੰਨੀ ਵਾਰ ਚਾਹ ਪੀਂਦੀਆਂ ਹਨ? **How often do they take tea?**

oh kinnee vaar chaah peendee-aan han?

ਬੂਹਾ ਕਿਸ ਨੇ ਖੜਕਾਇਆ ਸੀ? **Who had knoched at the door?**

boohaa kis ne kharkaa-e-aa see?

ਤੁਹਾਡੇ ਕੋਲ ਕਿੰਨੀਆਂ ਜੁੱਤੀਆਂ ਹਨ? **How many shoes have you?**

tuhaaḍe kol kinnee-aan juttee-aan han?

Lesson 65 ਪਾਠ 65

PARTICIPLES

ਕਾਰਦੰਤਕ *kaardntak*

ਤਰਨਾ ਇਕ ਚੰਗੀ ਵਰਜਿਸ਼ ਹੈ। **Swimming is a good exercise.**

tarnaa ik changee varjish hai

ਪੈਦਲ ਚਲਣਾ ਆਦਮੀ ਨੂੰ ਅਰੋਗ ਰਖਦਾ ਹੈ। **Walking keeps a man fit.**

paidal chalṇaa aadamee noon arog rakhdaa hai.

ਭੌਂਕਦੇ ਕੁੱਤੇ ਘੱਟ ਹੀ ਵੱਢਦੇ ਹਨ। **Barking dogs seldom bite.**

bhounkade kutte ghaṭṭ hee vaḍhde han

ਗਲਤੀ ਕਰਨਾ ਆਦਮੀ ਦਾ ਸੁਭਾ ਹੈ। **To err is human.**

galtee karnaa aadamee daa subhaa hai

ਮੁੰਡੇ ਬਾਹਰ ਖੇਡਣ ਗਏ। **The boys went out to play.**

munḍe baahar kheḍan ga-e

ਉਸ ਨੂੰ ਬੋਲਣ ਲਈ ਆਖਿਆ ਗਿਆ। **He was asked to speak.**

us noon bolaṇ la-ee aakhi-aa gi-aa

ਸੰਤ ਪੜ੍ਹਿਆ ਲਿਖਿਆ ਨੌਜਵਾਨ ਹੈ। **Sant is an educated youngman.**

sant paṛhi-aa likhi-aa naujvaan hai

ਡਰੀ ਹੋਈ ਲੜਕੀ ਬਚਾਓ ਲਈ ਦੌੜੀ। **The frightened girl ran for safety.**

ḍaree ho-ee laṛkee bachaa-o la-ee dauṛee

ਜ਼ਖਮੀ ਗਾਂ ਦੌੜ ਨਾ ਸੱਕੀ। **The injured cow could not run.**

zakhamee gaan dauṛ naa sakkee

****

Lesson 66 ਪਾਠ 66

SOME MORE SENTENCES

ਕੁਝ ਹੋਰ ਵਾਕ *Kujh Hor Vaak*

ਵਰਖਾ ਹੋ ਰਹੀ ਹੈ। It is raining.

varkhaa ho rahee hai.

ਘਰ ਵਿਚ ਕੋਈ ਨਹੀਂ ਹੈ। There is nobody in the house.

ghar vich ko-ee naheen hai.

ਚਾਹ ਪੀਣ ਦਾ ਵੇਲਾ ਹੋ ਗਿਆ ਹੈ। It is time to take tea.

chaah peeṇ daa velaa ho gi-aa hai.

ਅਸੀਂ ਦਰਿਆ ਵਿਚ ਤਰਿਆ ਕਰਦੇ ਸਾਂ। We used to swim in the river.

aseen deri-aa vich tari-aa karde saan.

ਝੂਠ ਬੋਲਣਾ ਪਾਪ ਹੈ। To tell a lie is a sin.

jhooṭh bolṇaa paap hai.

ਮੈਂ ਇਹ ਕੰਮ ਆਪ ਕਰ ਸਕਦੀ ਹਾਂ। I can do this work myself.

main ih kamm aap kar sakdee haan.

ਅਸੀਂ ਹੱਸੇ ਬਿਨਾ ਰਹਿ ਨਾ ਸਕੇ। We could not help laughing.

aseen hasse binaa raih naa sakke.

ਰਤਾ ਆਪਣਾ ਪੈੱਨ ਵਿਖਾਓਗੇ? Could you show me your pen?

rataa aapṇaa painn vikhaa-oge?

ਤੁਸੀਂ ਘਰ ਜਾ ਸਕਦੇ ਹੋ। You may go home.

tuseen ghar jaa sakde ho.

ਹੋ ਸਕਦਾ ਹੈ ਹਰਪ੍ਰੀਤ ਪਾਸ ਹੋ ਜਾਵੇ। Harpreet may get through.

ho sakdaa hai harpreet paas ho jaave.

ਮੈਂ ਮਿਹਨਤ ਕੀਤੀ ਤਾਂ ਜੋ ਪਾਸ ਹੋ ਜਾਵਾਂ। I worked hard so that I may pass.

main mehnat keetee tan jo paas ho jaavaan.

ਸਾਨੂੰ ਓਥੇ ਜ਼ਰੂਰ ਜਾਣਾ ਚਾਹੀਦਾ ਹੈ। **We must go there.**

saanoon othe zaroor jaaṇaa chaheeda hai.

ਬਿਮਲਾ ਨੇ ਆਪਣੀ ਜੁੱਤੀ ਗੰਢਵਾਈ। **Bimla got her shoes repaired.**

bimlaa ne aapnee juttee gandhvaa-ee.

ਸਾਰੇ ਚੂਹੇ ਮਾਰ ਦਿੱਤੇ ਗਏ ਸਨ। **All the rats were killed.**

saare choohe maar ditte ga-e san.

ਉਹਦੇ ਵਿਚ ਮੈਨੂੰ ਗਾਹਲ ਕੱਢਣ ਦੀ ਹਿੰਮਤ ਨਹੀਂ। **He dare not abuse me.**

ohde vich mainoon gaahal kaḍhḍhaṇ dee himmat naheen.

ਤੁਹਾਨੂੰ ਆਪ ਆਉਣ ਦੀ ਲੋੜ ਨਹੀਂ। **You need not come yourself.**

tuhaanoon aap aa-on dee loṛ naheen.

ਮੈਨੂੰ ਤੁਹਾਡੀ ਮਦਦ ਦੀ ਲੋੜ ਹੈ। **I need your help.**

mainoon tuhaaḍee madad dee loṛ hai.

ਜੇ ਵੇਲੇ ਸਿਰ ਵਰਖਾ ਹੋਵੇ ਤਾਂ ਫਸਲਾਂ ਚੰਗੀਆਂ ਹੁੰਦੀਆਂ ਹਨ।

If it rains in time, the crops grow well.

je vele sir varkhaa hove tan faslaan changiaan hundee-aan han.

****

Lesson 67 ਪਾਠ 67

INTRANSITIVE/TRANSITIVE VERBS

ਅਕਰਮਕ/ ਸੁਕਰਮਕ ਕ੍ਰਿਆ *akarmak/ sukarmak kiri-aa*

(A) INTRANSITIVE VERBS:

ਮੈਂ ਆਇਆ। — **I came.**
main aa-i-aa

ਤੁਸੀਂ ਗਏ। — **You went.**
tuseen ga-e

ਅਸੀਂ ਖਾਂਦੇ ਹਾਂ। — **We eat.**
aseen khaande haan

ਉਹ ਖੇਡਦੀਆਂ ਹਨ। — **They play. (f)**
oh khedadee-aan haan

ਉਹ ਪੜ੍ਹਦਾ ਹੈ। — **He reads.**
uh parhadaa hai

ਪੰਛੀ ਉਡਦਾ ਹੈ। — **The bird flies.**
panchhee udadaa hai

ਗੱਡੀ ਚਲਦੀ ਹੈ। — **The train runs.**
gaddee chaldee hai

ਸੋਹਣ ਦੌੜਿਆ। — **Sohan ran.**
sohan dauri-aa

(B) TRANSITIVE VERBS

ਅਸੀਂ ਫਲ ਖਾਂਦੇ ਹਾਂ। — **We eat fruit.**
aseen phal khaande haan

ਉਹ ਫੁਟਬਾਲ ਖੇਡਦੀਆਂ ਹਨ। They play football (f).
oh futbaal khedadee-aan han

ਰਾਮ ਨੇ ਕਿਤਾਬ ਪੜ੍ਹ ਲਈ ਹੈ। Ram has read the book.
ram ne kitaab parh la-ee hai

ਤੁਸੀਂ ਦੁੱਧ ਪੀ ਰਹੇ ਸੀ। You were drinking milk.
tuseen duddh pee rahe see

ਸੋਹਣ ਚਿੱਠੀ ਲਿਖ ਰਿਹਾ ਹੈ। Sohan is writing a letter.
sohan chitthee likh rihaa hai

ਸੀਤਾ ਟੀ ਵੀ ਵੇਖ ਚੁੱਕੀ ਸੀ। Sita had watched the T.V.
seetaa tee vee vekh chukkee see

Note: Transitive verb in the past tense with case ending "ne" agrees with the object as in

ਰਾਮ ਨੇ ਕਿਤਾਬ ਪੜ੍ਹ ਲਈ ਹੈ।

* * * *

Lesson 68 ਪਾਠ 68

VOICE

ਵਾਚ *Vaach*

ਉਹ ਚਿੱਠੀ ਲਿਖਦਾ ਹੈ। **He writes a letter.**

uh chitthee likhadaa hai

ਚਿੱਠੀ ਉਸ ਤੋਂ ਲਿਖੀ ਜਾਂਦੀ ਹੈ। **A letter is written by him.**

chitthee us ton likhee jaandee hai

ਮੈਂ ਪਾਣੀ ਪੀਤਾ। **I drank water.**

main paanee peetaa

ਮੈਥੋਂ ਪਾਣੀ ਪੀਤਾ ਗਿਆ। **Water was drunk by me.**

maithon paanee peetaa gi-aa

ਓਹਨਾਂ ਸੱਚ ਬੋਲਿਆ ਸੀ। **They had spoken the truth.**

ohnaa sachch boli-aa see

ਸੱਚ ਓਹਨਾਂ ਤੋਂ ਬੋਲਿਆ ਗਿਆ ਸੀ।

sachch ohnaa ton boli-aa gi-aa see.

The truth had been spoken by them.

ਕਮਲਾ ਦਰਵਾਜ਼ਾ ਖੋਹਲ ਰਹੀ ਹੈ। **Kamla is opening the door.**

kamlaa darvaajaa khohal rahee hai

ਕਮਲਾ ਵਲੋਂ ਦਰਵਾਜ਼ਾ ਖੋਹਲਿਆ ਜਾ ਰਿਹਾ ਹੈ।

kamlaa vallon darvaajaa khohli-aa jaa rihaa hai.

The door is being opened by Kamla.

ਧੋਬੀ ਕਪੜੇ ਧੋਵੇਗਾ। **The washerman will wash the clothes.**

dhobee kapre dhovegaa

ਕਪੜੇ ਧੋਬੀ ਤੋਂ ਧੋਤੇ ਜਾਣਗੇ।

kapṛe dhobee ton dhote jaange

The clothes will be washed by the washerman.

Note: Verb agrees with the subject in active voice while it agrees with the object in passive voice.

****

Lesson 69 ਪਾਠ 69

IDIOMATIC SENTENCES

ਮੁਹਾਵਰੀ ਵਾਕ *Muhaavaree Vaak*

ਕਾਨੂੰਨ ਦੀ ਨਾਸਮਝੀ ਕੋਈ ਬਹਾਨਾ ਨਹੀਂ। **Ignorance of law is no excuse.**

kaanoon dee naasamjhee ko-ee bahaanaa naheen.

ਅਸਾਂ ਜੀ ਭਰ ਕੇ ਖਾਧਾ। **We ate to our fill.**

asaan jee bhar ke khaadhaa.

ਉਹ ਹੈ ਤਾਂ ਨਿੱਕਾ ਪਰ ਹੈ ਬੜਾ ਸਿਆਣਾ।

He has a grey head on green shoulders.

uh hai taan nikkaa par hai baṛaa si-aaṇaa.

ਇਹ ਮਕਾਨ ਕਰਾਏ ਵਾਸਤੇ ਖਾਲੀ ਹੈ। **This house is to let.**

ih makaan karaa-e vaaste khaalee hai.

ਉਹ ਮਰ ਜਾਵੇਗਾ ਪਰ ਮੰਗੇਗਾ ਨਹੀਂ। **He would rather die than beg.**

uh mar jaavegaa par mangegaa naheen.

ਉਹ ਆਪਣੀ ਉਮਰ ਨਾਲੋਂ ਸਿਆਣੀ ਹੈ। **She is wise for her age.**

uh aapṇee umar naalon si-aaṇee hai.

ਅੱਜ ਕਲ ਉਹਨਾਂ ਦਾ ਹੱਥ ਤੰਗ ਹੈ। **They are hard up these days.**

ajj kal uhnaan daa hatth tang hai.

ਤੁਸੀਂ ਤਾਂ ਨਿੱਕੀ-ਨਿੱਕੀ ਗਲ 'ਤੇ ਲੜ ਪੈਂਦੇ ਹੋ। **You fall out over trifles.**

tuseen tan nikkee nikkee gal te laṛ painde ho.

ਉਸ ਨੂੰ ਉੱਚਾ ਸੁਣੀਂਦਾ ਹੈ। **He is hard of hearing.**

us noon uchchaa suṇeedaa hai.

ਉਹ ਨਮਕ ਹਲਾਲ ਹੈ। **He is true to his salt.**

uh namak halaal hai.

ਉਹ ਵਾਹਦੇ ਦੀ ਪੱਕੀ ਹੈ। **She is true to her word.**

uh vaahde dee pakkee hai.

Lesson 70 ਪਾਠ 70

PROVERBS

ਅਖਾਉਤਾਂ *Akhaa-otan*

ਈਮਾਨਦਾਰੀ ਵਧੀਆ ਨੀਤੀ ਹੈ। Honesty is the best policy.

eemaandaaree vadhee-aa neetee hai.

ਪਹਿਲੋਂ ਤੋਲੋ ਫਿਰ ਬੋਲੋ। Think before you speak.

pehlon tolo phir bolo.

ਜੈਸਾ ਕਰੋਗੇ ਵੈਸਾ ਭਰੋਗੇ। As you sow so shall you reap.

jaisaa karoge vaisaa bharoge.

ਮਿੱਤਰ ਉਹ ਜਿਹੜਾ ਵੇਲੇ ਸਿਰ ਕੰਮ ਆਵੇ। A friend in need is a friend indeed.

mitter uh jehṛaa vele sir kamm aave.

ਸੇਵਾ ਬਿਨ ਮੇਵਾ ਨਹੀਂ। No pains no gains.

sevaa bin mevaa naheen.

ਕਰ ਭਲਾ ਹੋ ਭਲਾ Do well have well.

kar bhalaa ho bhalaa.

ਏਕੇ ਵਿਚ ਬਰਕਤ ਹੈ। Union is strength.

eke vich barkat hai.

ਜਦ ਤਕ ਸਾਸ ਤਦ ਤਕ ਆਸ। Hope sustains life.

jad tak saas tad tak aas.

ਦਾਮ ਬਣਾਏ ਕਾਮ। Money makes the mare go.

daam banaa-e kaam.

ਜੈਸਾ ਦੇਸ ਵੈਸਾ ਭੇਸ। While in Rome do as Romans do.

jaisaa des vaisaa bhes.

ਗੱਜਦੇ ਘਟ ਹੀ ਵੱਸਦੇ। Barking dogs seldom bite.

gajjde ghatt he vassde.

ਜਿਥੇ ਚਾਹ ਓਥੇ ਰਾਹ। Where there is a will there is a way.

jitthe chaah othe raah.

ਕੁੱਤੇ ਦਾ ਕੁੱਤਾ ਵੈਰੀ Two of a trade seldom agree.

kutte daa kuttaa vairee.

ਅੱਖੋਂ ਓਹਲੇ ਮਨੋਂ ਓਹਲੇ। Out of sight out of mind.

akkhon ohale manon ohale.

ਇਕ ਚੁੱਪ ਸੌ ਸੁਖ। Silence is golden.

ik chupp sau sukh.

* * * *

COMPOSITION

ਰਚਨਾ *Rachnaa*

ਪਾਠ 71

(ੳ) ਲੇਖ ਰਚਨਾ *Lekh Rachanaa*

ਸਾਡੇ ਸਕੂਲ ਦੀ ਲਾਇਬਰੇਰੀ

ਸਾਡੇ ਸਕੂਲ ਵਿਚ ਇਕ ਵੱਡੀ ਲਾਇਬਰੇਰੀ ਹੈ। ਇਹ ਖੁੱਲ੍ਹੇ ਕਮਰੇ ਵਿਚ ਸਥਿਤ ਹੈ ਜਿਸ ਵਿਚ ਬਿਜਲੀ ਦੀਆਂ ਟਿਊਬਾਂ ਤੇ ਛੱਤ ਵਾਲੇ ਪੱਖੇ ਲੱਗੇ ਹੋਏ ਹਨ। ਇਸ ਦੀਆਂ ਕੰਧਾਂ ਉਤੇ ਬਹੁਤ ਸਾਰੇ ਮਾਟੋ ਲਿਖੇ ਹੋਏ ਹਨ। ਉੱਘਿਆਂ ਲਿਖਾਰੀਆਂ, ਆਰਟਿਸਟਾਂ ਤੇ ਸਾਇੰਸਦਾਨਾਂ ਦੀਆਂ ਤਸਵੀਰਾਂ ਵੀ ਲਟਕਾਈਆਂ ਹੋਈਆਂ ਹਨ। ਕਮਰਾ ਲੋੜੀਂਦੀਆਂ ਵਸਤਾਂ ਨਾਲ ਸੋਹਣੀ ਤਰ੍ਹਾਂ ਸਜਾਇਆ ਹੋਇਆ ਹੈ।

ਸਾਡੀ ਲਾਇਬਰੇਰੀ ਵਿਚ ਵੀਹ ਹਜ਼ਾਰ ਤੋਂ ਵੱਧ ਪੁਸਤਕਾਂ ਹਨ। ਇਹ ਵੱਡੀਆਂ ਅਲਮਾਰੀਆਂ ਵਿਚ ਰੱਖੀਆਂ ਹੋਈਆਂ ਹਨ। ਇਹ ਵਿਸ਼ੇਵਾਰ ਬੀੜੀਆਂ ਹੋਈਆਂ ਹਨ। ਲਾਇਬਰੇਰੀ ਵਿਚ ਪੁਸਤਕਾਂ ਦੀ ਇਕ ਨਾਮਾਵਲੀ ਹੈ। ਇਸ ਵਿਚ ਕਾਰਡ ਹਨ ਜਿਨ੍ਹਾਂ 'ਤੇ ਪੁਸਤਕਾਂ ਤੇ ਉਹਨਾਂ ਦੇ ਲੇਖਕਾਂ ਦੇ ਨਾਮ ਲਿਖੇ ਹੋਏ ਹਨ। ਇਹ ਅੱਖਰ-ਕਰਮ ਅਨੁਸਾਰ ਹਨ। ਲਾਇਬਰੇਰੀ ਵਿਚ ਅਖ਼ਬਾਰਾਂ ਤੇ ਰਸਾਲਿਆਂ ਵਾਸਤੇ ਵੱਖਰਾ ਭਾਗ ਹੈ। ਇਸ ਵਿਚ ਦਸ ਰੋਜ਼ਾਨਾ ਅਖ਼ਬਾਰ ਤੇ ਵੀਹ ਮਾਹਵਾਰੀ ਰਸਾਲੇ ਮੰਗਾਏ ਜਾਂਦੇ ਹਨ।

ਇਕ ਵਧੀਆ ਲਾਇਬਰੇਰੀ ਸਕੂਲ ਦਾ ਇਕ ਜ਼ਰੂਰੀ ਅੰਗ ਹੈ। ਇਹ ਵਿਦਿਆਰਥੀਆਂ ਦੇ ਗਿਆਨ ਵਿਚ ਵਾਧਾ ਕਰਦੀ ਹੈ ਅਤੇ ਉਹਨਾਂ ਵਿਚ ਸ੍ਵੈ-ਅਧਿਐਨ ਦੀ ਆਦਤ ਪਾਉਂਦੀ ਹੈ।

****

Lesson 71

Our School Library

Our school has a big library. It is situated in a spacious room which is fitted with electric tubes and ceiling fans. Many mottoes have been written on its walls. Pictures of famous writers, artists and scientists are also hung. The room is tastefully decorated and furnished.

There are more than twenty thousand books in our library. They are put in big almirahs. They are arranged subject-wise. There is a catalogue in the library. It contains cards on which the names of books and their authors are written. They are arranged alphabetically. There is a separate section for newspapers and magazines in the library. It subscribes to ten daily newspapers and twenty monthly magazines.

A good library is an essential part of a school. It supplements the knowledge of students and inculcates the habit of self-study.

****

ਪਾਠ 72

ਅੰਮ੍ਰਿਤਸਰ

ਅੰਮ੍ਰਿਤਸਰ ਭਾਰਤ ਦਾ ਪ੍ਰਸਿੱਧ ਸ਼ਹਿਰ ਹੈ। ਇਹ ਸਿੱਖਾਂ ਦੇ ਚੌਥੇ ਗੁਰੂ ਸ੍ਰੀ ਗੁਰੂ ਰਾਮਦਾਸ ਜੀ ਨੇ ਵਸਾਇਆ ਸੀ। ਪੰਜਵੇਂ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਅੰਮ੍ਰਿਤਸਰ ਸਰੋਵਰ ਦੇ ਵਿਚਕਾਰ ਹਰਿਮੰਦਰ ਨਾਮ ਦਾ ਇਕ ਮੰਦਰ ਉਸਾਰਿਆ ਸੀ। ਇਸ ਨੂੰ ਗੋਲਡਨ ਟੈਂਪਲ ਕਰਕੇ ਵੀ ਜਾਣਿਆ ਜਾਂਦਾ ਹੈ। ਗੁਰੂ ਜੀ ਨੇ ਇਸ ਦੀ ਨੀਂਹ ਇਕ ਮੁਸਲਮਾਨ ਫ਼ਕੀਰ ਸਾਈਂ ਮੀਆਂ ਮੀਰ ਤੋਂ ਰਖਵਾਈ ਸੀ। ਜਲ੍ਹਿਆਂ ਵਾਲਾ ਬਾਗ ਜਿਥੇ 1919 ਵਿਚ ਅੰਗਰੇਜ਼ ਜਨਰਲ ਡਾਇਰ ਨੇ ਨਿਹੱਥੇ ਤੇ ਸ਼ਾਂਤਮਈ ਭਾਰਤੀਆਂ ਦਾ ਘਾਣ ਕੀਤਾ ਸੀ, ਪਾਸ ਹੀ ਹੈ।

ਅੰਮ੍ਰਿਤਸਰ ਮੁੱਢ ਤੋਂ ਹੀ ਵਪਾਰ, ਸਨਅਤ ਅਤੇ ਧਾਰਮਿਕ, ਰਾਜਸੀ ਤੇ ਸਭਿਆਚਾਰਕ ਸਰਗਰਮੀਆਂ ਦਾ ਕੇਂਦਰ ਰਿਹਾ ਹੈ। ਪਰੰਤੂ 1947 ਵਿਚ ਦੇਸ਼ ਦੀ ਵੰਡ ਮਗਰੋਂ ਇਹ ਸ਼ਾਨ ਘਟਦੀ ਗਈ। ਇਹ ਭਾਰਤ ਪਾਕਿਸਤਾਨ ਸਰਹੱਦ ਦੇ ਨੇੜੇ ਹੈ।

ਖਾਲਸਾ ਕਾਲਜ, ਡੀ. ਏ. ਵੀ. ਕਾਲਜ, ਸਰਕਾਰੀ ਮਹਿਲਾ ਕਾਲਜ, ਸਰਕਾਰੀ ਤੇ ਸ੍ਰੀ ਗੁਰੂ ਰਾਮ ਦਾਸ ਮੈਡੀਕਲ ਅਤੇ ਦੰਦਾਂ ਦੇ ਕਾਲਜ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਸ਼ਹਿਰ ਦੀਆਂ ਫ਼ਖਰੀਆ ਵਿਦਿਅਕ ਸੰਸਥਾਵਾਂ ਹਨ। ਇਥੇ ਮਹਾਰਾਜਾ ਰਣਜੀਤ ਸਿੰਘ ਦਾ ਬਣਾਇਆ ਰਾਮ ਬਾਗ ਨਾਮ ਦਾ ਸੁੰਦਰ ਬਾਗ ਹੈ। ਇਸ ਦਾ ਉਪ-ਨਗਰ ਵੇਰਕਾ ਆਪਣੀਆਂ ਦੁੱਧ ਦੀਆਂ ਉਪਜਾਂ ਵਾਸਤੇ ਮਸ਼ਹੂਰ ਹੈ।

ਹਰ ਰੋਜ਼ ਸਾਰੇ ਭਾਰਤ ਤੋਂ ਸੈਂਕੜੇ ਲੋਕ ਅਤੇ ਬਹੁਤ ਸਾਰੇ ਬਦੇਸ਼ੀ ਗੋਲਡਨ ਟੈਂਪਲ ਅਤੇ ਜਲ੍ਹਿਆਂ ਵਾਲੇ ਬਾਗ ਤੇ ਸ਼ਹਿਰ ਦੀ ਯਾਤਰਾ ਲਈ ਆਉਂਦੇ ਹਨ।

* * * *

Lesson 72

AMRITSAR

Amritsar is a famous city of India. It was founded by the fourth Guru of the Sikhs, Sri Guru Ram Das. The fifth Guru, Sri Guru Arjan Dev built a temple named Harimander in the midst of Amritsar tank. The temple is also known as Golden Temple. The Guru got its foundation stone laid by a Muslim saint, Sain Mian Mir. The Jallianwala Bagh, where the British General Dyre gruesomely killed unarmed and peaceful Indians in 1919 is nearby.

Amritsar remained a centre of trade and industry and religious, political and cultural activities since its inception. The glory however, has waned after the partition of the country. It is near the Indo-Pak Border.

Khalsa College, DAV College, Government College for Women, Government and Sri Guru Ram Das Medical and Dental Colleges, and Guru Nanak Dev University are the pride educational institutions of the city. There is a beautiful garden called Ram Bagh, built by Maharaja Ranjit Singh. Verka, a suburb of the city, is known for its milk products.

Hundreds of people from all over India and many foreigners come to visit the city of Golden Temple and Jallianwala Bagh daily.

****

ਪਾਠ 73

(ਅ) ਗਲਬਾਤ ਰਚਨਾ

ਤੁਸੀਂ ਆਪਣਾ ਸਕੂਲ ਕਿੰਨਾ ਪਸੰਦ ਕਰਦੇ ਹੋ

ਗੁਰਦੀਪ: ਤੁਸੀਂ ਕਿਸ ਸਕੂਲ ਵਿਚ ਪੜ੍ਹਦੇ ਹੋ?

ਅਨਿਲ: ਮੈਂ ਸਰਦਾਰ ਬਹਾਦਰ ਭਗਤ ਸਿੰਘ ਸਕੂਲ ਵਿਚ ਪੜ੍ਹਦਾ ਹਾਂ।

ਗੁਰਦੀਪ: ਤੁਸੀਂ ਆਪਣਾ ਸਕੂਲ ਕਿੰਨਾ ਪਸੰਦ ਕਰਦੇ ਹੋ?

ਅਨਿਲ: ਮੈਂ ਬਹੁਤ ਪਸੰਦ ਕਰਦਾ ਹਾਂ।

ਗੁਰਦੀਪ: ਤੁਹਾਡਾ ਸਕੂਲ ਕਿਥੇ ਵਾਕਿਆ ਹੈ?

ਅਨਿਲ: ਇਹ ਮੋਹਣੀ ਰੋਡ 'ਤੇ ਵਾਕਿਆ ਹੈ।

ਗੁਰਦੀਪ: ਇਸ ਦੀ ਇਮਾਰਤ ਕਿੱਡੀ ਕੁ ਹੈ?

ਅਨਿਲ: ਇਸ ਦੀ ਇਮਾਰਤ ਬਹੁਤ ਵੱਡੀ ਹੈ।

ਗੁਰਦੀਪ: ਤੁਹਾਡੇ ਸਕੂਲ ਦਾ ਮੁੱਖ ਅਧਿਆਪਕ ਕੌਣ ਹੈ?

ਅਨਿਲ: ਸ੍ਰ: ਕਿਹਰ ਸਿੰਘ ਸਾਡੇ ਮੁੱਖ ਅਧਿਆਪਕ ਹਨ।

ਗੁਰਦੀਪ: ਤੁਹਾਡੇ ਸਕੂਲ ਵਿਚ ਕਿੰਨੇ ਅਧਿਆਪਕ ਕੰਮ ਕਰਦੇ ਹਨ?

ਅਨਿਲ: ਸਾਡੇ ਸਕੂਲ ਵਿਚ ਸੱਠ ਅਧਿਆਪਕ ਕੰਮ ਕਰਦੇ ਹਨ।

ਗੁਰਦੀਪ: ਕੀ ਤੁਹਾਡੇ ਸਕੂਲ ਵਿਚ ਲਾਇਬਰੇਰੀ ਹੈ?

ਅਨਿਲ: ਹਾਂ, ਮੇਰੇ ਸਕੂਲ ਵਿਚ ਇਕ ਤਗੜੀ ਲਾਇਬਰੇਰੀ ਹੈ।

ਗੁਰਦੀਪ: ਤੁਹਾਡੇ ਸਕੂਲ ਵਿਚ ਖੇਡ–ਮੈਦਾਨ ਕਿੰਨੇ ਹਨ?

ਅਨਿਲ: ਮੇਰੇ ਸਕੂਲ ਵਿਚ ਦੋ ਖੇਡ–ਮੈਦਾਨ ਹਨ।

ਗੁਰਦੀਪ: ਕੀ ਤੁਹਾਡਾ ਸਕੂਲ ਚੰਗੇ ਨਤੀਜੇ ਵਿਖਾਉਂਦਾ ਹੈ।

ਅਨਿਲ: ਹਾਂ, ਸਾਡਾ ਸਕੂਲ ਹਰ ਵਰ੍ਹੇ ਬਹੁਤ ਵਧੀਆ ਨਤੀਜੇ ਵਿਖਾਉਂਦਾ ਹੈ।

ਗੁਰਦੀਪ: ਤੁਹਾਡੇ ਸਕੂਲ ਦੀਆਂ ਹੋਰ ਕੀ ਪ੍ਰਾਪਤੀਆਂ ਹਨ?

ਅਨਿਲ: ਅਸਾਂ ਇਸ ਵਰ੍ਹੇ ਜ਼ਿਲ੍ਹਾ ਹਾਕੀ ਟੂਰਨਾਮੈਂਟ ਜਿੱਤੀ ਹੈ।

ਗੁਰਦੀਪ: ਮੈਂ ਕਿਸੇ ਦਿਨ ਤੁਹਾਡਾ ਸਕੂਲ ਵੇਖਣਾ ਪਸੰਦ ਕਰਾਂਗਾ।

ਅਨਿਲ: ਹਾਂ! ਹਾਂ! ਜ਼ਰੂਰ ਆਇਓ।

****

Lesson 73

(B) DIALOGUE WRITING

How do you like your school

Gurdeep:	In which school do you read?
Anil:	I read in Sardar Bahadar Bhagat Singh School.
Gurdeep:	How do you like your school?
Anil:	I like it very much.
Gurdeep:	Where is your school situated?
Anil:	It is situated at Mohini Road.
Gurdeep:	How is its building?
Anil:	It has a big building.
Gurdeep:	Who is the Headmaster of your school?
Anil:	Sardar Kehar Singh is our Headmaster.
Gurdeep:	How many teachers work in your school?
Anil:	Sixty teachers work in my school.
Gurdeep:	Is there a library in your school?
Anil:	Yes, there is a big library in my school.
Gurdeep:	How many play grounds are there in your school?
Anil:	There are two play-grounds in my school.
Gurdeep:	Does your school show good results?
Anil:	Yes, my school shows very good results every year.
Gurdeep:	What are the other achievements of your school?
Anil:	We won District Hockey Tournament this year.
Gurdeep:	I would like to visit your school some day.
Anil:	Very well! do come.

****

ਪਾਠ 74

ਮੈਂ ਰੰਗਾ-ਰੰਗ ਪ੍ਰੋਗਰਾਮ ਵਿਚ ਭਾਗ ਲਿਆ

ਚਾਚਾ: ਗੁੰਚੂ ਕੀ ਤੁਸਾਂ ਰੰਗਾ-ਰੰਗ ਪ੍ਰੋਗਰਾਮ ਕੀਤਾ ਸੀ?

ਗੁੰਚੂ: ਹਾਂ, ਚਾਚਾ ਜੀ, ਅਸਾਂ ਰੰਗਾ-ਰੰਗ ਪ੍ਰੋਗਰਾਮ ਕੀਤਾ ਸੀ।

ਚਾਚਾ: ਇਹ ਕਦੋਂ ਕੀਤਾ ਸੀ?

ਗੁੰਚੂ: ਇਹ ਪਿਛਲੇ ਐਤਵਾਰ ਕੀਤਾ ਸੀ।

ਚਾਚਾ: ਇਹ ਕਿਥੇ ਕੀਤਾ ਸੀ?

ਗੁੰਚੂ: ਇਹ ਵਾਈ. ਐਮ. ਸੀ. ਏ. ਹਾਲ ਵਿਚ ਕੀਤਾ ਸੀ।

ਚਾਚਾ: ਕਿੰਨਿਆਂ ਭਾਗੀਦਾਰਾਂ ਨੇ ਇਸ ਵਿਚ ਭਾਗ ਲਿਆ ਸੀ?

ਗੁੰਚੂ: ਇਸ ਵਿਚ ਤਰਵੰਜਾ ਭਾਗੀਦਾਰਾਂ ਨੇ ਭਾਗ ਲਿਆ ਸੀ।

ਚਾਚਾ: ਕੀ ਤੂੰ ਵੀ ਇਸ ਵਿਚ ਭਾਗ ਲਿਆ ਸੀ?

ਗੁੰਚੂ: ਹਾਂ, ਮੈਂ ਵੀ ਇਸ ਵਿਚ ਭਾਗ ਲਿਆ ਸੀ।

ਚਾਚਾ: ਤੂੰ ਕਿਸ ਚੀਜ਼ ਵਿਚ ਭਾਗ ਲਿਆ ਸੀ?

ਗੁੰਚੂ: ਮੈਂ ਗਿੱਧੇ ਵਿਚ ਭਾਗ ਲਿਆ ਸੀ।

ਚਾਚਾ: ਤੁਹਾਡੇ ਅਧਿਆਪਕ ਵਲੋਂ ਤੁਹਾਨੂੰ ਕਿੰਨੀਆਂ ਰੀਹਰਸਲਾਂ ਕਰਾਈਆਂ ਗਈਆਂ ਸਨ?

ਗੁੰਚੂ: ਸਾਨੂੰ ਹਰੇਕ ਨੂੰ ਦੋ ਦੋ ਰੀਹਰਸਲਾਂ ਕਰਾਈਆਂ ਗਈਆਂ ਸਨ।

ਚਾਚਾ: ਕੀ ਪ੍ਰੋਗਰਾਮ ਦਾ ਪ੍ਰਬੰਧ ਤਸਲੀ ਬਖਸ਼ ਸੀ?

ਗੁੰਚੂ: ਜੀ ਹਾਂ, ਇਹ ਬਹੁਤ ਤਸਲੀ ਬਖਸ਼ ਸੀ।

ਚਾਚਾ: ਕੀ ਪ੍ਰੋਗਰਾਮ ਸਫਲ ਰਿਹਾ?

ਗੁੰਚੂ: ਹਾਂ ਜੀ, ਇਹ ਬਹੁਤ ਸਫਲ ਰਿਹਾ।

ਚਾਚਾ: ਕੀ ਤੈਨੂੰ ਕੋਈ ਇਨਾਮ ਮਿਲਿਆ?

ਗੁੰਚੂ: ਜੀ ਹਾਂ, ਸਾਨੂੰ ਪਹਿਲਾ ਇਨਾਮ ਮਿਲਿਆ।

ਚਾਚਾ: ਬਹੁਤ ਖੂਬ! ਵਧਾਈਆਂ।

ਗੁੰਚੂ: ਤੁਹਾਡਾ ਧੰਨਵਾਦ, ਚਾਚਾ ਜੀ।

* * * *

Lesson 74

I took part in the variety programme

Uncle: Did you hold a variety programme Gunchoo?

Gunchoo: Yes, Uncle! We held a variety programme.

Uncle: When was it held?

Gunchoo: It was held on last Sunday.

Unle: Where was it held?

Gunchoo: It was held at Y. M. C. A. hall.

Uncle: How many participants took part in it?

Gunchoo: Fifty three participants took part in it.

Uncle: Did you take part in it also?

Gunchoo: Yes, I also took part in it.

Uncle: In which item did you take part?

Gunchoo: I took part in Giddhaa dance.

Uncle: How many rehearsals were you given by your teacher?

Gunchoo: We were given two rehearsals each.

Uncle: Were the arrangements of the programme satisfactory?

Gunchoo: Yes, they were very satisfactory.

Uncle: Was the programme a success?

Gunchoo: Yes, It was a grand success.

Uncle: Did you get any prize?

Gunchoo: Yes, we got first prize.

Uncle: Weldone! Congratulations.

Gunchoo: Thank you, uncle!

* * * *

ਪਾਠ 75

ਮਕਾਨ ਕਿਰਾਏ ਤੇ ਲੈਣਾ

ਮਕਾਨ ਮਾਲਕ : ਕਿਵੇਂ ਆਉਣਾ ਹੋਇਆ?

ਜਣਾ : ਮੈਂ ਮਕਾਨ ਕਿਰਾਏ ਤੇ ਲੈਣ ਆਇਆ ਹਾਂ।

ਮਕਾਨ ਮਾਲਕ : ਕੀ ਤੁਸੀਂ ਨੌਕਰੀ ਕਰਦੇ ਹੋ?

ਜਣਾ : ਹਾਂ ਜੀ, ਮੈਂ ਨੌਕਰੀ ਕਰਦਾ ਹਾਂ।

ਮਕਾਨ ਮਾਲਕ : ਤੁਸੀਂ ਕਿਥੇ ਨੌਕਰੀ ਕਰਦੇ ਹੋ?

ਜਣਾ : ਮੈਂ ਡੀ. ਸੀ. ਦਫਤਰ ਵਿਚ ਨੌਕਰੀ ਕਰਦਾ ਹਾਂ।

ਮਕਾਨ ਮਾਲਕ : ਤੁਸੀਂ ਕਿਥੋਂ ਦੇ ਰਹਿਣ ਵਾਲੇ ਹੋ?

ਜਣਾ : ਮੈਂ ਥੋਬੇ ਪਿੰਡ ਦਾ ਰਹਿਣ ਵਾਲਾ ਹਾਂ।

ਮਕਾਨ ਮਾਲਕ : ਇਹ ਕਿਹੜੇ ਜ਼ਿਲ੍ਹੇ ਵਿਚ ਹੈ?

ਜਣਾ : ਇਹ ਅੰਮ੍ਰਿਤਸਰ ਜ਼ਿਲ੍ਹੇ ਵਿਚ ਹੈ।

ਮਕਾਨ ਮਾਲਕ : ਤੁਹਾਡਾ ਪਰਿਵਾਰ ਕੈਸਾ ਹੈ?

ਜਣਾ : ਮੇਰਾ ਪਰਿਵਾਰ ਮਧ-ਵਰਗੀ ਹੈ।

ਮਕਾਨ ਮਾਲਕ : ਕੀ ਤੁਸੀਂ ਸ਼ਾਦੀ ਸ਼ੁਦਾ ਹੋ?

ਜਣਾ : ਹਾਂ ਜੀ, ਮੈਂ ਸ਼ਾਦੀ ਸ਼ੁਦਾ ਹਾਂ।

ਮਕਾਨ ਮਾਲਕ : ਤੁਹਾਡੇ ਕਿੰਨੇ ਬੱਚੇ ਹਨ?

ਜਣਾ : ਮੇਰੇ ਦੋ ਛੋਟੇ ਬੱਚੇ ਹਨ।

ਮਕਾਨ ਮਾਲਕ : ਤੁਸੀਂ ਆਪਣਾ ਟੱਬਰ ਕਦੋਂ ਲਿਆਉਗੇ?

ਜਣਾ : ਮੈਂ ਆਪਣਾ ਟੱਬਰ ਅਗਲੇ ਦਿਨ ਹੀ ਲੈ ਆਵਾਂਗਾ।

ਮਕਾਨ ਮਾਲਕ : ਕੀ ਤੁਸੀਂ ਇਕ ਹਜ਼ਾਰ ਰੁਪਇਆ ਮਹੀਨਾ ਦੇਣ ਨੂੰ ਤਿਆਰ ਹੋ?

ਜਣਾ : ਹਾਂ ਜੀ, ਮੈਂ ਇਕ ਹਜ਼ਾਰ ਰੁਪਇਆ ਮਹੀਨਾ ਦੇਣ ਨੂੰ ਤਿਆਰ ਹਾਂ।

****

Lesson 75

Hiring of a House

Landlord : How come?

Man : I hare côme to hire a house.

Landlord : Are you employed?

Man : Yes, I am employed.

Landlord : Where are you employed?

Man : I am employed in D.C. Office.

Landlord : Which place do you belong to?

Man : I belong to village Thoba.

Landlord : In which dirtrict is it situated?

Man : It is situated in Amritsar dirtrict.

Landlord : How is your family?

Man : I belong to a middle class family.

Landlord : Are you married?

Man : Yes, I am married.

Landlord : How many children have you?

Man : I have two small children.

Landlord : When will you bring your family?

Man : I shall bring my family the very next day.

Landlord : Are you ready to pay one thousand rupees per month?

Man : Yes, I am ready to pay one thousand rupees per month.

* * * *

ਪਾਠ 76

ਮੈਂ ਆਪਣੇ ਦੇਸ਼ ਦੀ ਸੇਵਾ ਕਰਨੀ ਲੋਚਦਾ ਹਾਂ

ਅਫਸਰ : ਬਾਲਕੇ, ਤੂੰ ਕਿਥੋਂ ਆਇਆ ਹੈ?

ਨੌਜਵਾਨ : ਮੈਂ ਭੁੰਬਲੀ ਤੋਂ ਆਇਆ ਹਾਂ।

ਅਫਸਰ : ਇਹ ਕਿਸ ਜ਼ਿਲ੍ਹੇ ਵਿਚ ਹੈ।

ਨੌਜਵਾਨ : ਇਹ ਗੁਰਦਾਸਪੁਰ ਜ਼ਿਲ੍ਹੇ ਵਿਚ ਹੈ।

ਅਫਸਰ : ਤੇਰੀ ਕਿੰਨੀ ਉਮਰ ਹੈ?

ਨੌਜਵਾਨ : ਮੈਂ 21 ਵਰ੍ਹਿਆਂ ਦਾ ਹਾਂ।

ਅਫਸਰ : ਤੇਰੀ ਯੋਗਤਾ ਕੀ ਹੈ?

ਨੌਜਵਾਨ : ਮੈਂ ਪਹਿਲੇ ਦਰਜ਼ੇ ਵਿਚ ਬੀ. ਏ. ਪਾਸ ਕੀਤੀ ਹੈ।

ਅਫਸਰ : ਹੋਰ ਕੋਈ ਯੋਗਤਾ?

ਨੌਜਵਾਨ : ਮੈਂ ਐਨ. ਸੀ. ਸੀ. ਵੀ ਕੀਤੀ ਹੈ।

ਅਫਸਰ : ਤੇਰਾ ਪਿਤਾ ਕੀ ਕੰਮ ਕਰਦਾ ਹੈ?

ਨੌਜਵਾਨ : ਉਹ ਡਾਕਟਰ ਹਨ।

ਅਫਸਰ : ਕੀ ਤੇਰਾ ਕੋਈ ਨਜ਼ਦੀਕੀ ਰਿਸ਼ਤੇਦਾਰ ਫੌਜ ਵਿਚ ਸੇਵਾ ਕਰਦਾ ਹੈ?

ਨੌਜਵਾਨ : ਹਾਂ ਜੀ, ਮੇਰੇ ਪਿਤਾ ਜੀ ਲੈਫਟੀਨੈਂਟ ਰੀਟਾਇਰ ਹੋਏ ਹਨ ਅਤੇ ਮੇਰਾ ਵੱਡਾ ਭਰਾ ਕਪਤਾਨ ਵਜੋਂ ਸੇਵਾ ਕਰ ਰਿਹਾ ਹੈ।

ਅਫਸਰ : ਤੇਰਾ ਸ਼ੌਕ ਕੀ ਹੈ?

ਨੌਜਵਾਨ : ਪੈਦਲ ਯਾਤਰਾ ਕਰਨੀ ਅਤੇ ਪਹਾੜਾਂ ਤੇ ਚੜ੍ਹਨਾ ਮੇਰੇ ਸ਼ੌਕ ਹਨ।

ਅਫਸਰ : ਤੂੰ ਫੌਜ ਵਿਚ ਭਰਤੀ ਕਿਉਂ ਹੋਣਾ ਚਾਹੁੰਦਾ ਹੈਂ?

ਨੌਜਵਾਨ : ਮੈਂ ਆਪਣੇ ਦੇਸ਼ ਦੀ ਸੇਵਾ ਕਰਨੀ ਲੋਚਦਾ ਹਾਂ।

****

Lesson 76

I want to service My country

Officer : Where do you come from, my boy?

Youngman : I come from Bhumbli.

Officer : In which district is it?

Youngman : It is in Gurdaspur district.

officer : How old are you?

Youngman : I am twenty one years old.

Officer : What is your qualification?

Youngman : I have passed B.A. in first division.

officer : Any other qualification?

Youngman : I have done N.C.C. also.

Officer : What is your father?

Youngman : He is a doctor.

Officer : Do any of your close relative serve in the army?

Youngman : Yes Sir, my father retired as lieutenant and my elder brother is serving as captain.

Officer : What is your hobby?

Youngman : Trekking and mountaineering are my hobbies.

Officer : Why do you want to join the army?

Youngman : I want to serve my country, Sir.

****

ਪਾਠ 77

(ੲ) ਚਿਠੀਆਂ ਤੇ ਅਰਜ਼ੀਆਂ

ਆਪਣੇ ਜਨਮ ਦਿਨ 'ਤੇ ਆਪਣੇ ਦੋਸਤ ਨੂੰ ਸੱਦਣਾ

786, ਮੋਤਾ ਸਿੰਘ ਨਗਰ,
ਜਲੰਧਰ।
2 ਜਨਵਰੀ, 2000

ਮੇਰੇ ਪਿਆਰੇ ਮਨਜੋਤ,

ਤੈਨੂੰ ਇਹ ਜਾਣ ਕੇ ਖੁਸ਼ੀ ਹੋਵੇਗੀ ਕਿ ਮੇਰਾ ਜਨਮ ਦਿਨ 14 ਜਨਵਰੀ ਨੂੰ ਹੈ। ਮੇਰੇ ਮਾਤਾ ਪਿਤਾ ਨੇ ਇਸ ਵਾਰ ਇਹ ਧੂਮ-ਧਾਮ ਨਾਲ ਮਨਾਉਣ ਦਾ ਫੈਸਲਾ ਕੀਤਾ ਹੈ। ਇਕ ਚਾਹ-ਪਾਰਟੀ ਹੋਵੇਗੀ। ਨਾਚ ਗਾਣੇ ਦਾ ਪ੍ਰੋਗਰਾਮ ਵੀ ਹੋਵੇਗਾ। ਇਹ ਖੂਬ ਮੌਜ ਮੇਲੇ ਵਾਲੀ ਸ਼ਾਮ ਹੋਵੇਗੀ। ਆਪਣੇ ਸਾਂਝੇ ਦੋਸਤ, ਬਲਵਿੰਦਰ ਤੇ ਸੋਹਣ ਵੀ ਆ ਰਹੇ ਹਨ। ਇਸ ਮੌਕੇ 'ਤੇ ਮੇਰੇ ਰਿਸ਼ਤੇਦਾਰ ਵੀ ਹੋਣਗੇ। ਤੈਨੂੰ ਉਹਨਾਂ ਦੇ ਸਾਥ ਦਾ ਲੁਤਫ ਆਵੇਗਾ। ਮੈਨੂੰ ਉਮੀਦ ਹੈ ਕਿ ਤੂੰ ਇਸ ਉਤਸਵ ਵਿਚ ਸ਼ਾਮਲ ਹੋ ਕੇ ਸਾਡੇ ਨਾਲ ਖੁਸ਼ੀਆਂ ਸਾਂਝੀਆਂ ਕਰੇਂਗਾ।

ਮਿਹਰਬਾਨੀ ਕਰਕੇ ਜ਼ਰੂਰ ਆਵੀਂ। ਮੈਂ ਤੀਬਰਤਾ ਨਾਲ ਤੇਰੀ ਉਡੀਕ ਕਰਾਂਗਾ।

ਤੇਰਾ ਸ਼ੁਭਚਿੰਤਕ,
ਭੂਪਿੰਦਰ

* * * *

Lesson 77

(C) LETTERS AND APPLICATIONS

Inviting your friend to your birthday party

786, Mota Singh Nagar,
Jalandhar,
January 2, 2000.

My dear Manjot,

You will be glad to know that my birthday falls on 14th January. My parents have decided to celebrate it on a grand scale this time. There will be a tea party. There will also be a programme of dance and music. It will be an evening of great fun. Our common friends, Balwinder and Sohan are also coming. My relatives will be present on this occasion. You will enjoy their company. I hope you will certainly join the celebration and share our joys.

Please do come. I shall eagerly await your arrival.

Yours sincerely,
Bhupinder

****

ਪਾਠ 78

ਦੋਸਤ ਨੂੰ ਪੜ੍ਹਾਈ ਤੇ ਮਿਹਨਤ ਕਰਨ ਲਈ ਪ੍ਰੇਰਨਾ।

ਗੁਰੂ ਨਾਨਕ ਨਗਰ,
ਬਟਾਲਾ।
27 ਜਨਵਰੀ 1999.

ਮੇਰੇ ਪਿਆਰੇ ਮਿੱਤਰ ਹਰਮਨਜੀਤ,

ਸਤਿ ਸ੍ਰੀ ਅਕਾਲ। ਅੱਜ ਤੁਹਾਡੇ ਮਾਨਯੋਗ ਪਿਤਾ ਜੀ ਦੇ ਪੱਤਰ ਤੋਂ ਪਤਾ ਲੱਗਾ ਹੈ ਕਿ ਤੁਸੀਂ ਮਾੜੀ ਸੰਗਤ ਵਿਚ ਪੈ ਕੇ ਅਵਾਰਾਗਰਦੀ ਕਰਦੇ ਰਹਿੰਦੇ ਹੋ ਅਤੇ ਪੜ੍ਹਾਈ ਵੱਲ ਧਿਆਨ ਨਹੀਂ ਦੇ ਰਹੇ। ਸਿੱਟੇ ਵਜੋਂ ਤੁਸੀਂ ਨੌਵੀਂ ਜਮਾਤ ਦੀ ਪ੍ਰੀਖਿਆ ਵਿਚੋਂ ਫੇਲ੍ਹ ਹੋ ਗਏ ਹੋ। ਇਹ ਬੜੇ ਅਫਸੋਸ ਦੀ ਗਲ ਹੈ। ਤੁਸੀਂ ਕਲਾਸ ਵਿਚ ਲਾਇਕ ਵਿਦਿਆਰਥੀਆਂ ਵਿਚ ਗਿਣੇ ਜਾਂਦੇ ਸੀ ਤੇ ਹੁਣ ਨਖਿੱਧਾਂ ਵਿਚ ਗਿਣੇ ਜਾਣ ਲੱਗ ਪਏ ਹੋ। ਤੁਹਾਡੇ ਮਾਤਾ ਪਿਤਾ ਬੜੇ ਪ੍ਰੇਸ਼ਾਨ ਰਹਿੰਦੇ ਹਨ। ਬੱਚੇ ਬੁੱਢ ਵਰੇਸ ਵਿਚ ਮਾਪਿਆਂ ਦੀ ਡੰਗੋਰੀ ਹੁੰਦੇ ਹਨ। ਮੇਰੀ ਮੰਨੋ। ਭੈੜੀ ਸੰਗਤ ਤਿਆਗ ਦਿਓ। ਔਗੇ ਵਾਂਕਣ ਹੀ ਮਿਹਨਤ ਕਰੋ। ਮਾਪਿਆਂ ਨੂੰ ਪ੍ਰੇਸ਼ਾਨੀ ਤੋਂ ਮੁਕਤ ਕਰੋ ਅਤੇ ਉਹਨਾਂ ਦੀਆਂ ਅਸੀਸਾਂ ਲਵੋ।

ਮੈਨੂੰ ਉਮੀਦ ਹੈ ਤੁਸੀਂ ਮੇਰੀ ਗਲ ਵੱਲ ਧਿਆਨ ਦਿਓਗੇ ਅਤੇ ਭਵਿੱਖ ਵਿਚ ਚੰਗੇ ਨਤੀਜੇ ਵਿਖਾਉਗੇ।

ਤੁਹਾਡੇ ਚੰਗੇ ਜੀਵਨ ਦੀ ਕਾਮਨਾ ਸਹਿਤ,

ਤੁਹਾਡਾ ਸ਼ੁਭਚਿੰਤਕ,
ਕੁਲਜੀਤ ਸਿੰਘ

****

Lesson 78

Inspire a friend for study and hardwork.

Guru Nanak Nagar,
Batala
January 27,1999.

My dear friend Harmanjit,

Sat Siri Akal. I have come to know from a letter from your respected father today that you have fallen in bad company, loafer about aimlessly and are not caring tor your study. As a result you have failed in 9th class examination. It is very sad. You were counted as a bright students of your class. Now you are considered as a useless person. Your parents live in great tension. Children are the mainstay of their parents in their old age. Agree with me. Eschew bad company. Work hard as before. Relieve your parents of the tension and have their blessings.

I hope you will take care of my advice and show good results in future.

Wishing you a good life.

Yours sincerely,
Kuljit Singh

* * * *

ਪਾਠ 79

ਆਬਾਦੀ ਦੀ ਗੰਦੀ ਹਾਲਤ ਬਾਰੇ।

5, ਰਣਬੀਰ ਮਾਰਗ,
ਪਟਿਆਲਾ।
6 ਮਾਰਚ, 2000.

ਸੇਵਾ ਵਿਚ,

ਮੇਅਰ ਸਾਹਿਬ,
ਨਗਰ ਨਿਗਮ, ਪਟਿਆਲਾ।

ਸ੍ਰੀ ਮਾਨ ਜੀ,

ਸਾਡੀ ਗਲੀ ਬਹੁਤ ਗੰਦੀ ਹੈ। ਇਹ ਜਿਵੇਂ ਧਰਤੀ ਉਤੇ ਨਰਕ ਹੈ। ਇਸ ਵਿਚ ਟੋਏ ਹੀ ਟੋਏ ਹਨ। ਇਹ ਟੋਏ ਪਾਣੀ ਨਾਲ ਭਰੇ ਰਹਿੰਦੇ ਹਨ। ਗਲੀ ਵਿਚ ਗੰਦਾ ਪਾਣੀ ਵਹਿੰਦਾ ਰਹਿੰਦਾ ਹੈ। ਗਲੀ ਵਿਚ ਚਲਣਾ ਬਹੁਤ ਮੁਸ਼ਕਿਲ ਹੈ। ਏਥੇ ਮੱਛਰ ਵੀ ਹਨ। ਸਾਨੂੰ ਡਰ ਹੈ ਕਿ ਕਿਤੇ ਮਲੇਰੀਆ ਨਾ ਫੈਲ ਜਾਵੇ।

ਗਲੀ ਦਾ ਜਮਾਂਦਾਰ ਬਕਾਇਦਾ ਨਹੀਂ ਆਉਂਦਾ। ਹਫਤੇ ਵਿਚ ਇਕ ਵਾਰ ਆਉਂਦਾ ਹੈ। ਉਹ ਗਲੀ ਸਾਫ ਨਹੀਂ ਕਰਦਾ। ਉਹ ਮੋੜ ਤੇ ਬੈਠ ਜਾਂਦਾ ਹੈ ਤੇ ਸਿਗਰਟ ਪੀਂਦਾ ਰਹਿੰਦਾ ਹੈ। ਅਸਾਂ ਉਸ ਨੂੰ ਕਈ ਵਾਰ ਸਮਝਾਇਆ ਹੈ ਪਰ ਉਹ ਸੁਣਦਾ ਹੀ ਨਹੀਂ।

ਆਪ ਅੱਗੇ ਮਾਮਲੇ ਦੀ ਪੜਤਾਲ ਵਾਸਤੇ ਬੇਨਤੀ ਕੀਤੀ ਜਾਂਦੀ ਹੈ। ਕਿਰਪਾ ਕਰਕੇ ਜਾਂ ਜਮਾਂਦਾਰ ਨੂੰ ਸਿਧਿਆਂ ਕਰੋ ਜਾਂ ਫੇਰ ਬਦਲ ਦਿਓ।

ਧੰਨਵਾਦ ਸਹਿਤ,

ਆਪ ਦਾ ਵਿਸ਼ਵਾਸ ਪਾਤਰ,
ਹਰਿ ਜੀ ਕੱਲ੍ਹਾ।

* * * *

Lesson 79

Regarding Insanitary Condition of the locality.

5, Ranbir Marg,
Patiala.
March 6, 2000

To

The Mayor,
Municipal Corporation, Patiala.

Sir,

Our locality is very dirty. It is a hell on earth. It is full of pits. These pits are full of water. Dirty water flows in the street. It is difficult to move about. There are mosquitoes also. We fear lest malaria should break out.

The sweeper of the street is not regular. He comes once a week. He does not clean the street. He sits in the corner. He smokes. We have advised him many times, but he does not listen.

You are requested to look into the matter. Please set the sweeper right or transfer him.

Thanking you,

Yours faithfully,
Har Jee Kalha

* * * *

ਪਾਠ 80

ਕਲਰਕ ਦੀ ਆਸਾਮੀ ਵਾਸਤੇ ਦਰਖਾਸਤ

ਪਿੰਡ ਤੇ ਡਾਕ: ਮਾਨੋਚਾਹਲ ਕਲਾਂ,
ਜ਼ਿਲ੍ਹਾ ਅੰਮ੍ਰਿਤਸਰ।
10 ਜੁਲਾਈ, 2000.

ਸੇਵਾ ਵਿਚ

ਡਿਪਟੀ ਕਮਿਸ਼ਨਰ ਸਾਹਿਬ,
ਅੰਮ੍ਰਿਤਸਰ।

ਸ੍ਰੀ ਮਾਨ ਜੀ,

ਮੈਨੂੰ ਪਤਾ ਲੱਗਾ ਹੈ ਕਿ ਆਪ ਦੇ ਦਫਤਰ ਵਿਚ ਕਲਰਕ ਦੀ ਥਾਂ ਖਾਲੀ ਹੈ। ਮੈਂ ਉਸ ਲਈ ਆਪਣੇ ਆਪ ਨੂੰ ਪੇਸ਼ ਕਰਦਾ ਹਾਂ।

ਮੈਂ ਪੰਜਾਬ ਸਕੂਲ ਸਿਖਿਆ ਬੋਰਡ ਤੋਂ 1999 ਵਿਚ ਪਹਿਲੇ ਦਰਜ਼ੇ ਵਿਚ 10+2 ਦੀ ਪ੍ਰੀਖਿਆ ਪਾਸ ਕੀਤੀ ਹੈ। ਮੈਂ ਅੰਗ੍ਰੇਜ਼ੀ ਤੇ ਪੰਜਾਬੀ ਦੀ ਟਾਈਪ ਜਾਣਦਾ ਹਾਂ। ਮੇਰੀ ਸਪੀਡ ਅੰਗ੍ਰੇਜ਼ੀ ਟਾਈਪ ਵਿਚ 60 ਅਤੇ ਪੰਜਾਬੀ ਵਿਚ 50 ਹੈ। ਮੈਂ ਫੁੱਟਬਾਲ ਦਾ ਵਧੀਆ ਖਿਡਾਰੀ ਹਾਂ ਅਤੇ 1998 ਵਿਚ ਮੈਂ ਜ਼ਿਲ੍ਹਾ ਟੂਰਨਾਮੈਂਟ ਵਿਚ ਭਾਗ ਲਿਆ ਸੀ।

ਮੈਂ 19 ਸਾਲ ਦਾ ਨੌਜਵਾਨ ਹਾਂ। ਮੇਰੀ ਸਿਹਤ ਚੰਗੀ ਹੈ। ਮੈਂ ਇਕ ਸਾਊ ਖਾਨਦਾਨ ਨਾਲ ਸਬੰਧ ਰਖਦਾ ਹਾਂ। ਜੇ ਮੈਨੂੰ ਚੁਣ ਲਿਆ ਜਾਵੇ ਤਾਂ ਮੈਂ ਆਪਣੇ ਉਚ ਅਧਿਕਾਰੀਆਂ ਨੂੰ ਆਪਣੇ ਕੰਮ ਤੇ ਆਚਰਨ ਨਾਲ ਖੁਸ਼ ਰਖਾਂਗਾ।

ਧੰਨਵਾਦ ਸਹਿਤ,

ਆਪ ਦਾ ਆਗਿਆਕਾਰ,
ਰਜਿੰਦਰਪਾਲ ਸਿੰਘ

* * * *

LESSON 80

Application for the post of a clerk.

V. & P.O. Manochahal Kalan,
Distt. Amritsar.
July 10, 2000.

To

The Deputy Commissioner,
Amritsar.

Sir,

I have come to know that a post of clerk is lying vacant in your office. I beg to offer myself for this post.

I passed 10+2 examination from Punjab School Education Board in 1999 securing first division. I know type-writing in English and Punjabi. My speed in English type–writing is 60, and that of Punjabi is 50. I am a good player of football and I took part in district tournament in 1998.

I am a young man of 19. I have a sound health. I belong to a respectable family. If I am selected, I shall satify my seniors with my work and conduct.

Thanking you,

Yours faithfully,
Rajinder Pal Singh.

* * * *

ਪਾਠ 81

ਕਿਤਾਬਾਂ ਦਾ ਆਡਰ ਦੇਂਦਿਆਂ

1288, ਸੈਕਟਰ 23-B,
ਚੰਡੀਗੜ੍ਹ।
12 ਜਨਵਰੀ, 2000

ਸੇਵਾ ਵਿਚ,

ਮੈਸਰਜ ਭਾਈ ਚਤਰ ਸਿੰਘ ਜੀਵਨ ਸਿੰਘ
ਅੰਮ੍ਰਿਤਸਰ।

ਪਿਆਰੇ ਸ੍ਰੀ ਮਾਨ ਜੀ,

ਕਿਰਪਾ ਕਰਕੇ ਮੈਨੂੰ ਹੇਠ ਲਿਖੀਆਂ ਕਿਤਾਬਾਂ ਦੀ ਇਕ ਇਕ ਕਾਪੀ ਵੀ.ਪੀ.ਪੀ ਰਾਹੀਂ ਵਾਪਸੀ ਡਾਕ ਭੇਜ ਦਿਉ:-

੧. ਜੀਵਨ ਔਕਸਫੋਰਡ ਅੰਗ੍ਰੇਜ਼ੀ ਪੰਜਾਬੀ ਟੀਚਰ	ਪ੍ਰਿੰ. ਸੰਤੋਖ ਸਿੰਘ
੨. ਜੀਵਨ ਔਕਸਫੋਰਡ ਇੰਗਲਿਸ਼ ਡਿਕਸ਼ਨਰੀ	ਡਾ. ਅਜੀਤ ਸਿੰਘ ਔਲਖ
੩. ਨਾਮੈ ਦੀ ਵਡਿਆਈ	ਡਾ. ਇੰਦਰਪਾਲ ਸਿੰਘ
੪. ਸ਼੍ਰੋਮਣੀ ਸ਼ਹੀਦ	ਡਾ. ਗੁਰਚਰਨ ਸਿੰਘ ਔਲਖ
੫. ਸੁਨਹੁ ਸੰਤ ਪਿਆਰੇ	ਗਿਆਨੀ ਹਰਦੇਵ ਸਿੰਘ ਗ਼ਰੀਬ
੬. ਪੰਜਾਬੀ ਅੰਗ੍ਰੇਜ਼ੀ ਕੋਸ਼	ਡਾ. ਕੁਲਬੀਰ ਸਿੰਘ ਕਾਂਗ

ਤੁਹਾਡਾ ਸੁਭਚਿੰਤਕ,
ਰਾਮ ਸਿੰਘ

****

Lesson 81

Ordering Books

1288, Sector 23-B,
Chandigarh.
12 January, 2000

To

M/S Bhai Chattar Singh Jiwan Singh,
Amritsar.

Dear Sirs,

Kindly send me one copy of each of the following books per V.P.O. per return of post:-

1. Jiwan Oxford Engish Punjabi Teacher	Prin. Santokh Singh
2. Jiwan Oxford English Dictionary	Dr. Ajit Singh Aulakh
3. Naame de Vadiaa-ee	Dr. Inderpal Singh
4. Shromanee Shaheed	Dr. Gurcharan Singh Aulakh
5. Sunoh Sant Piaare	Gy. Hardev Singh Garib
6. Panjabi English Dictionary	Dr. Kulbir Singh Kaang

Yours Truly,
Ram Singh

* * * *

ਪਾਠ 82

(ਸ) ਕਹਾਣੀ ਰਚਨਾ

ਵਰੁਣ ਦੇਵਤਾ ਅਤੇ ਲਕੜਹਾਰਾ

ਇਕ ਵਾਰ ਇਕ ਲੱਕੜਹਾਰਾ ਸੀ। ਇਕ ਦਿਨ ਉਹ ਦਰਖ਼ਤ ਕੱਟ ਰਿਹਾ ਸੀ। ਦਰਖ਼ਤ ਦਰਿਆ ਦੇ ਕੰਢੇ 'ਤੇ ਸੀ। ਅਚਾਨਕ ਉਸ ਦੀ ਕੁਹਾੜੀ ਦਰਿਆ ਵਿਚ ਡਿੱਗ ਪਈ। ਉਹ ਰੋਣ ਲੱਗ ਪਿਆ।

ਉਥੇ ਵਰੁਣ ਦੇਵਤਾ ਪ੍ਰਗਟ ਹੋਇਆ। ਲੱਕੜਹਾਰੇ ਨੇ ਉਸ ਨੂੰ ਆਪਣੀ ਦੁੱਖ-ਭਰੀ ਕਹਾਣੀ ਸੁਣਾਈ। ਦੇਵਤੇ ਨੂੰ ਉਸ 'ਤੇ ਤਰਸ ਆ ਗਿਆ। ਉਸ ਨੇ ਦਰਿਆ ਵਿਚ ਚੁੱਭੀ ਮਾਰੀ। ਉਹ ਇਕ ਸੁਨਹਿਰੀ ਕੁਹਾੜੀ ਕੱਢ ਲਿਆਇਆ। ਲੱਕੜਹਾਰੇ ਨੇ ਕਿਹਾ ਇਹ ਉਸ ਦੀ ਕੁਹਾੜੀ ਨਹੀਂ ਹੈ।

ਦੇਵਤੇ ਨੇ ਪਾਣੀ ਵਿਚ ਫਿਰ ਚੁੱਭੀ ਮਾਰੀ। ਇਸ ਵਾਰ ਉਹ ਰੁਪਹਿਰੀ ਕੁਹਾੜੀ ਨਾਲ ਬਾਹਰ ਆਇਆ। ਲੱਕੜਹਾਰੇ ਨੇ ਇਹ ਨਾ ਲਈ। ਫੇਰ ਦੇਵਤਾ ਲੋਹੇ ਦੀ ਕੁਹਾੜੀ ਕੱਢ ਕੇ ਲਿਆਇਆ। ਲੱਕੜਹਾਰਾ ਆਪਣੀ ਕੁਹਾੜੀ ਵੇਖ ਖ਼ੁਸ਼ ਹੋਇਆ। ਦੇਵਤਾ ਉਸ ਦੀ ਈਮਾਨਦਾਰੀ 'ਤੇ ਪ੍ਰਸੰਨ ਹੋਇਆ। ਉਸ ਨੇ ਲੱਕੜਹਾਰੇ ਨੂੰ ਤਿੰਨੇ ਕੁਹਾੜੀਆਂ ਦੇ ਦਿੱਤੀਆਂ।

ਸਿੱਟਾ: ਈਮਾਨਦਾਰੀ ਸਭ ਤੋਂ ਵਧੀਆ ਨੀਤੀ ਹੈ।

* * * *

Lesson 82

(D) Story Writing

The God Mercury And The Woodcutter

Once there was a woodcutter. One day he was cutting down a tree. The tree was on the bank of a river. By chance his axe fell into the river. He began to weap.

The god mercury appeared there. The woodcutter told him his sad story. The god took pity on him. He dived into the river. He brought out a golden axe. The woodcutter said that it was not his axe.

The god dived again into the water. This time he came out with a silver axe. The woodcutter did not take it. The god then brought out the iron axe. The woodcutter was happy to see his axe. The god was pleased at his honesty. He gave all the three axes to the woodcutter.

Moral: Honesty is the best policy.

****

ਪਾਠ 83
ਹਉਮੇ ਨਿਵਾਰਨ

ਸਿੱਖਾਂ ਦੇ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਕੁਝ ਸਮਾਂ ਡੱਲੇ ਦੇ ਇਲਾਕੇ ਵਿਚ ਸਾਬੋ ਦੀ ਤਲਵੰਡੀ ਠਹਿਰੇ। ਗੁਰੂ ਜੀ ਨਾਲ ਹੰਢਾਏ ਔਖੇ ਸਮੇਂ ਬਾਰੇ ਅਫਸੋਸ ਕਰਦਿਆਂ ਡੱਲਾ ਕਹਿਣ ਲੱਗਾ, "ਮਹਾਰਾਜ, ਜੇ ਤੁਸੀਂ ਮੈਨੂੰ ਯਾਦ ਫਰਮਾਉਂਦੇ ਤਾਂ ਮੈਂ ਆਪਣੀ ਫੌਜ ਨਾਲ ਹਾਲਾਤ ਸੁਖਾਵੇਂ ਬਨਾਉਣ ਵਿਚ ਸਹਾਇਤਾ ਕਰਨ ਵਾਸਤੇ ਜਰੂਰ ਬਹੁੜੀ ਕਰਦਾ। ਮੇਰੇ ਬਲਵਾਨ ਤੇ ਲੜਾਕੇ ਫੌਜੀ ਜਾਨ ਵਾਰਨ ਨੂੰ ਸਦਾ ਤਿਆਰ ਰਹਿੰਦੇ ਹਨ।" ਗੁਰੂ ਜੀ ਨੇ ਵੇਖਿਆ ਕਿ ਭਾਵੇਂ ਡੱਲਾ ਬੜਾ ਸ਼ਰਧਾਵਾਨ ਸਿੱਖ ਹੈ, ਇਸ ਵਿਚ ਹਉਮੇ ਦੀ ਕਣੀ ਅਜੇ ਵੀ ਹੈ। ਇਹ ਸੱਚਾ ਸਿੱਖ ਨਹੀਂ ਬਣਿਆ। ਗੁਰੂ ਜੀ ਬੋਲੇ, "ਕੋਈ ਨਹੀਂ ਡੱਲਿਆ, ਫੇਰ ਕਦੀ ਮੌਕਾ ਆਵੇਗਾ ਤਾਂ ਵੇਖ ਲਵਾਂਗੇ।"

ਇਕ ਦਿਨ ਇਕ ਸਿੱਖ ਨੇ ਇਕ ਨਵੀਂ ਬੰਦੂਕ ਗੁਰੂ ਜੀ ਦੇ ਲਿਆ ਭੇਟ ਕੀਤੀ। ਗੁਰੂ ਜੀ ਨੇ ਬੰਦੂਕ ਹੱਥਾਂ ਵਿਚ ਲਈ ਤੇ ਡੱਲੇ ਨੂੰ ਆਖਿਆ, "ਭਾਈ ਡੱਲਿਆ, ਆਪਣਾ ਇਕ ਸਿਪਾਹੀ ਬੁਲਾ, ਬੰਦੂਕ ਦਾ ਨਿਸ਼ਾਨਾ ਪਰਖ ਕੇ ਵੇਖੀਏ।" ਡੱਲੇ ਨੇ ਆਪਣੇ ਫੌਜੀਆਂ ਨੂੰ ਹੁਕਮ ਦਿੱਤਾ। ਉਹਨਾਂ ਦਾ ਜੁਆਬ ਸੀ, "ਸਰਦਾਰਾ, ਜੰਗ ਵਿਚ ਲੜਨ ਮਰਨ ਦੀ ਗੱਲ ਹੋਰ ਹੁੰਦੀ ਹੈ। ਐਵੇਂ ਕਿਉਂ ਮਰੀਏ?"

ਇਹ ਸੁਣ ਕੇ ਗੁਰੂ ਜੀ ਨੇ ਆਪਣੇ ਕੈਂਪ ਵਿਚ ਸੁਨੇਹਾ ਭੇਜਿਆ। ਕੈਂਪ ਵਿਚ ਦੋ ਸਿੱਖ ਮੌਜੂਦ ਸਨ। ਬਾਕੀ ਯੁੱਧ-ਅਭਿਆਸ ਲਈ ਗਏ ਹੋਏ ਸਨ। ਆਵਾਜ਼ ਸੁਣਦਿਆਂ ਹੀ ਦੋਵੇਂ ਸਿੱਖ ਦੌੜੇ ਆਏ ਅਤੇ ਨਿਸ਼ਾਨਾ ਬਨਣ ਲਈ ਇਕ ਦੂਜੇ ਦੇ ਅੱਗੇ ਹੋ ਕੇ ਖਲੋਣ ਲਈ ਝਗੜਣ ਲੱਗੇ। ਗੁਰੂ ਜੀ ਨੇ ਦੋਵਾਂ ਨੂੰ ਬਰਾਬਰ ਖਲਿਹਾਰ ਕੇ ਗੋਲੀ ਉਹਨਾਂ ਦੇ ਸਿਰਾਂ ਤੋਂ ਲੰਘਾ ਦਿੱਤੀ।

ਇਹ ਕੌਤਕ ਵੇਖ ਕੇ ਡੱਲਾ ਹੈਰਾਨ ਤੇ ਸ਼ਰਮਿੰਦਾ ਹੋਇਆ। ਉਸ ਦਾ ਗੁਮਾਨ ਨਵਿਰਤ ਹੋ ਗਿਆ ਸੀ। ਗੁਰੂ ਜੀ ਦੇ ਪੈਰਾਂ ਤੇ ਡਿੱਗ ਕੇ ਉਸ ਨੇ ਭੁੱਲ ਬਖਸ਼ਵਾਈ। ਡੱਲਾ ਹੁਣ ਸੱਚਾ ਸਿੱਖ ਬਣ ਚੁੱਕਿਆ ਸੀ।

* * * *

Lesson 83

Vanishing Vanity

The tenth Guru of the Sikhs, Sri Guru Gobind Singh stayed for some time at Sabo Ki Talwandi in the territory held by Dalla. Expressing sympathy over the hard time faced by the Guru, Dalla said, "O Lord! Had you remembered me, I might have helped easing the circumstances. My mighty and brave soldiers are always ready to lay down their lives." The Guru noted that although Dalla was a devout Sikh, there was still a little bit of vanity in him. He had not become a true disciple (Sikh). The Guru replied, "Don't worry, Dalla. We shall see to it if occasion arises next time."

One day a Sikh brought a new gun to present it to the Guru. The Guru took the gun in his hands and asked Dalla, "Bhai Dalla, send for a soldier of yours. Let us test the aim of the gun." Dalla ordered his soldiers. They replied, "To fight and die in the war is another thing. Why to die without any reason?"

Hearing this the Guru sent message to his camp. There were only two Sikhs in the camp. Others had gone out for war-practices. Hearing the call both of them came running and vied with each other for the aim. The Guru made them stand side by side and fired much above their heads.

Seeing this feat, Dalla was astonished and felt ashamed. His vanity had vanished. He fell upon the feet of the Guru and begged pardon. Dalla had become a true disciple now.

****

ਪਾਠ 84

ਮੁਸਲਮਾਨ ਫਕੀਰ ਅਤੇ ਫਾਹਿਸ਼ਾ ਔਰਤ

ਇਕ ਵਾਰ ਇਕ ਮੁਸਲਮਾਨ ਫਕੀਰ ਵਸੋਂ ਤੋਂ ਕੁਝ ਦੂਰ ਭਗਤੀ ਕਰ ਰਿਹਾ ਸੀ। ਉਸ ਦੀ ਬੜੀ ਸੁੰਦਰ ਲੰਮੀ ਦਾਹੜੀ ਸੀ। ਇਕ ਦਿਨ ਉਹ ਨਮਾਜ਼ ਪੜ੍ਹਨ ਵਾਸਤੇ ਲਾਗਲੇ ਖੂਹ ਤੇ ਵੁਜ਼ੂ ਕਰ ਰਿਹਾ ਸੀ ਕਿ ਉਸ ਰਸਤਿਓਂ ਇਕ ਫਾਹਿਸ਼ਾ ਔਰਤ ਲੰਘੀ। ਉਸ ਦਾ ਕੁੱਤਾ ਉਸ ਦੇ ਨਾਲ ਆ ਰਿਹਾ ਸੀ। ਫਕੀਰ ਦੀ ਦਾਹੜੀ ਨੂੰ ਵੇਖ ਕੇ ਉਸ ਔਰਤ ਨੇ ਟਕੋਰ ਕੀਤੀ, "ਬਾਬਾ ਤੇਰੀ ਦਾਹੜੀ ਚੰਗੀ ਹੈ ਕਿ ਮੇਰੇ ਕੁੱਤੇ ਦੀ ਪੂਛ?" ਫਕੀਰ ਜੀ ਨੇ ਬੜੀ ਹਲੀਮੀ ਨਾਲ ਆਖਿਆ, "ਬੀਬੀ, ਤੇਰੀ ਇਸ ਗਲ ਦਾ ਜੁਆਬ ਮੈਂ ਹੁਣ ਨਹੀਂ ਦੇ ਸਕਦਾ। ਸਮਾਂ ਆਇਆ ਤਾਂ ਜਰੂਰ ਦਿਆਂਗਾ।"

ਕਈ ਵਰ੍ਹੇ ਲੰਘ ਗਏ। ਗਲ ਆਈ ਗਈ ਵਰਗੀ ਹੋ ਗਈ। ਫਕੀਰ ਜੀ ਬਿਰਧ ਹੋ ਗਏ ਤੇ ਬੀਮਾਰ ਰਹਿਣ ਲੱਗੇ। ਅੰਤ ਸਮਾਂ ਨੇੜੇ ਆਇਆ ਜਾਣ ਕੇ ਉਹਨਾਂ ਉਸ ਔਰਤ ਦਾ ਪਤਾ ਕੀਤਾ। ਉਹ ਅਜੇ ਜੀਉਂਦੀ ਸੀ ਭਾਵੇਂ ਕਿ ਉਹ ਵੀ ਬਹੁਤ ਬੁੱਢੀ ਹੋ ਗਈ ਸੀ। ਫਕੀਰ ਨੇ ਉਸ ਨੂੰ ਬੁਲਾਵਾ ਭੇਜਿਆ। ਉਸ ਦੇ ਆਉਣ ਤੇ ਫਕੀਰ ਜੀ ਕਹਿਣ ਲਗੇ, "ਬੀਬੀ ਤੇਰੇ ਓਦੋਂ ਦੇ ਸੁਆਲ ਦਾ ਜੁਆਬ ਅੱਜ ਦੇਣ ਲੱਗਾ ਹਾਂ। ਤੇਰੇ ਕੁੱਤੇ ਦੀ ਪੂਛ ਨਾਲੋਂ ਮੇਰੀ ਦਾਹੜੀ ਚੰਗੀ ਹੈ।"

ਉਹ ਔਰਤ ਹੈਰਾਨੀ ਭਰੀ ਉਤਸੁਕਤਾ ਨਾਲ ਕਹਿਣ ਲੱਗੀ, "ਬਾਬਾ ਜੀ, ਇਹ ਜੁਆਬ ਤਾਂ ਤੁਸੀਂ ਓਦੋਂ ਵੀ ਦੇ ਸਕਦੇ ਸੀ। ਅੱਜ ਤਕ ਉਡੀਕ ਕਾਹਤੋਂ ਕੀਤੀ?"

"ਬੀਬੀ ਓਦੋਂ ਮੈਂ ਜੁਆਬ ਨਹੀਂ ਸਾਂ ਦੇ ਸਕਦਾ। ਆਦਮੀ ਦੇ ਮਨ ਦਾ ਕੋਈ ਪਤਾ ਨਹੀਂ, ਕਦੋਂ ਕੁਰਾਹੇ ਪੈ ਜਾਵੇ ਤੇ ਦਾਹੜੀ ਨੂੰ ਦਾਗ ਲਗ ਜਾਏ। ਅੱਜ ਜਦੋਂ ਕਿ ਮੇਰਾ ਅੰਤ ਸਮਾਂ ਆ ਗਿਆ ਹੈ, ਮੈਂ ਬੇਦਾਗ ਦਾਹੜੀ ਲੈ ਕੇ ਜਾ ਰਿਹਾ ਹਾਂ। ਇਸ ਲਈ ਅੱਜ ਮੈਂ ਕਹਿ ਸਕਦਾ ਹਾਂ ਕਿ ਮੇਰੀ ਦਾਹੜੀ ਤੇਰੇ ਕੁੱਤੇ ਦੀ ਪੂਛ ਨਾਲੋਂ ਚੰਗੀ ਹੈ," ਆਖਦਿਆਂ ਹੀ ਫਕੀਰ ਜੀ ਇਸ ਫਾਨੀ ਸੰਸਾਰ ਤੋਂ ਕੂਚ ਕਰ ਗਏ।

* * * *

Lesson 84

A Muslim Saint and the Lewd Woman

A Muslim Saint was, once, meditating at a little distance from the human habitat. He had a beautiful long beard. One day while he was making ablution for the Namaz at the nearby well, a lewd woman passed that way. She had a dog following her. Seeing the beard of the saint she remarked sarcastically, "Old man, which is better? Your beard or my dog's tail?" The saint spoke very politely, "Sister, I can't answer your question now. If time permits I shall surely give you the reply."

Many years passed. The talk fell into oblivision. The saint became old and maintained ill-health. Knowing that his end had come, he enquired about the woman. She was still living, although she had also grown old. The saint sent for her. When she came, he said, "Sister, I am going to answer your that question of yore. My beard is better than the tail of your dog."

Surprised, she asked keenly, "Sir, you could have given this answer at that time. Why did you wait till today?"

"Sister, I could not answer the question then. Who knows about a person's mind as to when it goes astray and there is a blot on his beard. Today when my end has come, I am going with a blotless beard. Hence I can say today that my beard is better than your dog's tail," saying the saint departed from this mortal world.

* * * *

ਪਾਠ 85
ਸੱਜਣ ਠੱਗ

ਉਸ ਦਾ ਨਾਮ ਸੱਜਣ ਸੀ। ਸੱਜਣ ਦਾ ਅਰਥ ਦੋਸਤ ਹੈ। ਪਰ ਉਹ ਕਿਸੇ ਦਾ ਦੋਸਤ ਨਹੀਂ ਸੀ। ਅਸਲ ਵਿਚ ਉਹ ਠੱਗ ਸੀ। ਜਿਹੜਾ ਵੀ ਕੋਈ ਉਸ ਦੇ ਸਰਾਂ ਵਰਗੇ ਘਰ ਵਿਚ ਠਹਿਰਦਾ, ਸੱਜਣ ਉਸ ਨੂੰ ਸੁੱਤਿਆਂ ਪਿਆਂ ਨੂੰ ਮਾਰ ਦਿਆ ਕਰਦਾ, ਉਸ ਦਾ ਸਾਰਾ ਮਾਲ ਲੈ ਲੈਂਦਾ ਅਤੇ ਉਸ ਨੂੰ ਖੂਹ ਵਿਚ ਸੁੱਟ ਦਿਆ ਕਰਦਾ ਸੀ।

ਆਪਣੀ ਪੱਛਮ ਦੀ ਲੰਮੀ ਯਾਤਰਾ ਦੌਰਾਨ ਗੁਰੂ ਨਾਨਕ ਦੇਵ ਜੀ ਮਰਦਾਨੇ ਸਮੇਤ ਸੱਜਣ ਦੇ ਘਰ ਰਾਤ ਵਾਸਤੇ ਠਹਿਰੇ। ਸੋਚਦਿਆਂ ਕਿ ਰਾਤ ਵੇਲੇ ਗੁਰੂ ਨੂੰ ਮਾਰ ਕੇ ਉਸ ਨੂੰ ਚੰਗਾ ਮਾਲ ਹੱਥ ਆਵੇਗਾ, ਉਹ ਐਸੀ ਮਹਾਨ ਸ਼ਖਸੀਅਤ ਨੂੰ ਪਰਾਹੁਣੇ ਵਜੋਂ ਪ੍ਰਾਪਤ ਕਰ ਕੇ ਖੁਸ਼ ਹੋਇਆ। ਉਸ ਨੇ ਗੁਰੂ ਜੀ ਨੂੰ ਨਿਹਾਇਤ ਚਾਲਾਕੀ ਨਾਲ ਜੀ ਆਇਆਂ ਆਖਿਆ। ਆਪਣੇ ਵਿਸ਼ਾਲ ਅਨੁਭਵ ਨਾਲ ਗੁਰੂ ਜੀ ਨੇ ਸੱਜਣ ਅੰਦਰਲੇ ਪਾਪੀ ਨੂੰ ਪਹਿਲੀ ਨਜ਼ਰੇ ਹੀ ਭਾਂਪ ਲਿਆ ਸੀ।

ਰਾਤ ਵੇਲੇ ਸੱਜਣ ਗੁਰੂ ਜੀ ਦੇ ਕਮਰੇ ਵੱਲ ਉਹਨਾਂ ਨੂੰ ਮਾਰ ਦੇਣ ਦੀ ਨੀਅਤ ਨਾਲ ਕਈ ਵਾਰ ਗਿਆ ਪਰੰਤੂ ਹਰ ਵਾਰ ਉਸ ਨੇ ਗੁਰੂ ਜੀ ਨੂੰ ਮਰਦਾਨੇ ਵਲੋਂ ਵਜਾਈ ਜਾਂਦੀ ਰਬਾਬ ਦੇ ਸੰਗੀਤ ਤੇ ਸ਼ਬਦ ਕੀਰਤਨ ਕਰਦਿਆਂ ਵੇਖਿਆ। ਪਹੁ-ਫੁਟਾਲੇ ਤਕ ਸੱਜਣ ਗੁਰੂ ਜੀ ਦੀ ਸਰਬ ਸ਼ਕਤੀਮਾਨ ਪਰਮਾਤਮਾ ਦੀ ਨਿਧੜਕ ਭਗਤੀ ਅਤੇ ਸ਼ਬਦਾਂ ਦੇ ਅਰਥ ਤੇ ਭਾਵ ਨਾਲ ਪ੍ਰਭਾਵਿਤ ਹੋ ਗਿਆ ਸੀ। ਉਹ ਗੁਰੂ ਜੀ ਦੇ ਚਰਣਾਂ 'ਤੇ ਡਿੱਗ ਪਿਆ ਅਤੇ ਆਪਣੇ ਗੁਨਾਹਾਂ ਕਾਰਨ ਜ਼ਾਰ ਜ਼ਾਰ ਰੋਇਆ।

ਗੁਰੂ ਜੀ ਨੇ ਸੱਜਣ ਨੂੰ ਦਿਲਾਸਾ ਦਿੱਤਾ ਅਤੇ ਆਖਿਆ ਕਿ ਕਿਉਂਜੁ ਉਹ ਆਪਣੇ ਪਿਛਲੇ ਕੁਕਰਮਾਂ ਉਤੇ ਪਸ਼ੇਮਾਨ ਹੈ, ਅਸਲ ਬਖਸ਼ੰਦਗੀ ਗਲਤ ਕਮਾਈ ਦੌਲਤ ਲੋੜਵੰਦਾਂ ਵਿਚ ਵੰਡ ਦੇਣ ਵਿਚ ਹੀ ਹੈ ਤਾਂ ਕਿ ਇਹ ਉਸ ਨੂੰ ਮੁੜ ਕੇ ਭਰਮਾ ਨਾ ਸਕੇ।

ਸੱਜਣ ਨੇ ਆਪਣੀ ਸਾਰੀ ਦੌਲਤ ਗਰੀਬਾਂ ਤੇ ਲੋੜਵੰਦਾਂ ਵਿਚ ਵੰਡ ਦਿੱਤੀ, ਗੁਰੂ ਜੀ ਦਾ ਸਿੱਖ ਬਣ ਗਿਆ ਅਤੇ ਆਪਣੇ ਘਰ ਵਿਚ ਧਰਮਸਾਲਾ ਕਾਇਮ ਕੀਤੀ। ਸਜੱਣ, ਠੱਗ ਨਹੀਂ ਸੀ ਰਿਹਾ। ਹੁਣ ਉਹ ਇਕ ਸੱਚਾ ਦੋਸਤ ਸੀ।

* * * *

Lesson 85

Sajjan, The Thug

His name was Sajjan. Sajjan means a friend. But he was nobody's friend. He was actually a Thug. Whosoever stayed at his inn-like house, Sajjan used to kill him in sleep, take all his things and throw him in the well.

During his long travells to the west, Guru Nanak Dev alongwith Mardana stayed for the night at Sajjan's abode. Thinking that he would get a good fortune after killing the Guru in the night, Sajjan was glad to have such a majestic personality as his guest. He welcomed the Guru extremely artfully. By his sublime perception the Guru saw at the very first glance the wicked in Sajjan.

During the night Sajjan went many a times to Guru's room with the intention to kill him. But each time he saw the Guru singing hymns at the tune of Rabab being played by Mardana. By dawn Sajjan was impressed by the dauntless devotion of the Guru to the Lord Almighty as also the meaning and spirit of the songs. Sajjan fell upon the feet of the Guru and wept bitterly for his sins.

The Guru soothed Sajjan and told him that since he was sorrowful for his past designs, the true contrition lies in giving away the ill-earned wealth to the needy so that it might not allure him again.

Sajjan distributed all his wealth among the poor and the needy, became a Sikh of the Guru and established a Dharamsala. Sajjan was no more a Thug. He was now a true friend.

* * * *

ਅਰਦਾਸ

ਦੇਹਿ ਸਿਵਾ ਬਰ ਮੋਹਿ ਇਹੈ
ਸੁਭ ਕਰਮਨ ਤੇ ਕਬਹੂੰ ਨ ਟਰੋਂ॥
ਨ ਡਰੋਂ ਅਰਿ ਸੋਂ ਜਬ ਜਾਇ ਲਰੋਂ
ਨਿਸਚੈ ਕਰ ਆਪਨੀ ਜੀਤ ਕਰੋਂ॥
ਅਰੁ ਸਿੱਖ ਹੌਂ ਆਪਨੇ ਹੀ ਮਨ ਕੌ
ਇਹ ਲਾਲਚ ਹਉ ਗੁਨ ਤਉ ਉਚਰੋਂ॥
ਜਬ ਆਵ ਕੀ ਅਉਧ ਨਿਦਾਨ ਬਨੈ
ਅਤ ਹੀ ਰਨ ਮੈ ਤਬ ਜੂਝ ਮਰੋਂ॥ ੨੩੧ ॥

(ਦਸਮ ਗ੍ਰੰਥ, ਪੰਨਾ 99)

Grant me a boon, O God!
I should not deflect from good deeds.
I should have no fear while fighting against the enemy,
And must win with determination.
I should educate myself about high values of life,
Have keen desire to always sing your praise,
And when the end comes, should die fighting in the battle field.

(Dasam Granth, page 99)

* * * *